


S T & A Simpson, Thomas & Associates
TRIAL LAWYERS

“Simpson, Thomas & Associates are a legal dream team. No other law firm could have fought this claim as it takes a lot of resources to fight a case of this nature.”

– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB. ACCREDITED BUSINESS

“Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved.”

– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

### Translation Services Available

STA has support staff fluent in Punjabi, Hindi and Gujarati.

### Your Needs Come First

If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

**“We have offices in Vancouver and Surrey/Delta.”**

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

ਕੈਨੇਡਾ ਪੰਜਾਬ ਲਿੰਕ
WEEKLY NEWSPAPER VOL. : 11 ISSUE : 11 SATURDAY, 18 MARCH, 2023
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
ਤਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com

# ਲਾਰੈਂਸ ਬਿਸ਼ਨੋਈ ਦੀ ਜੇਲ ਵਿਚ ਇੰਟਰਵਿਊ ਮਾਮਲੇ ਦੀ ਜਾਂਚ ਦੇ ਹੁਕਮ



ਚੰਡੀਗੜ੍ਹ-ਪੰਜਾਬ ਸਰਕਾਰ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਇੰਟਰਵਿਊ ਮਾਮਲੇ ਦੀ ਜਾਂਚ ਦੇ ਹੁਕਮ ਜਾਰੀ ਕਰ ਦਿੱਤੇ ਹਨ। ਬਠਿੰਡਾ ਜੇਲ੍ਹ ਵਿਚ ਬੰਦ ਲਾਰੈਂਸ ਬਿਸ਼ਨੋਈ ਦੀ ਪ੍ਰਾਈਵੇਟ ਚੈੱਨਲ 'ਤੇ ਕਰੀਬ ਇੱਕ ਘੰਟੇ ਤੋਂ ਵੱਧ ਸਮੇਂ ਦੀ ਇੰਟਰਵਿਊ ਦਾ ਭੇਤ ਬਣਿਆ ਹੋਇਆ ਹੈ। ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਅੱਜ ਇਸ ਇੰਟਰਵਿਊ ਦਾ ਰਾਜ਼ ਪਤਾ ਲਗਾਉਣ ਲਈ ਜਾਂਚ ਕਰਾਉਣ ਦਾ ਫ਼ੈਸਲਾ ਕੀਤਾ ਹੈ। (ਬਾਕੀ ਸਫ਼ਾ 8 'ਤੇ)

# ਬਿਸ਼ਨੋਈ ਦੀ ਇੰਟਰਵਿਊ ਪਿੱਛੇ ਡੂੰਘੀ ਸਾਜਿਸ਼-ਬਲਕੌਰ ਸਿੰਘ ਸਿੱਧੂ



ਮਾਨਸਾ-ਜੇਲ੍ਹ 'ਚੋਂ ਗੈਂਗਸਟਰ ਲਾਰੈਂਸ ਦੀ ਨਿੱਜੀ ਚੈਨਲ ਉਪਰ ਚਰਚਿਤ ਹੋਈ ਇੰਟਰਵਿਊ ਤੋਂ ਬਾਅਦ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਨਾਰਾਜ਼ ਹੋ ਕੇ ਕਿਹਾ ਹੈ ਕਿ ਇਸ ਪਿੱਛੇ ਡੂੰਘੀ ਸਾਜ਼ਿਸ਼ ਹੈ। (ਬਾਕੀ ਸਫ਼ਾ 8 'ਤੇ)

# ਕੋਟਕਪੂਰਾ ਗੋਲੀ ਕਾਂਡ ਵਿਚ ਸੁਖਬੀਰ ਤੇ ਸਾਬਕਾ ਐਸ.ਐਸ.ਪੀ. ਮਾਨ ਦੀ ਜ਼ਮਾਨਤ ਦੀ ਅਰਜੀ ਖਾਰਜ

## ਸਾਬਕਾ ਮੁੱਖ ਮੰਤਰੀ ਬਾਦਲ ਨੂੰ ਵਡੇਰੀ ਉਮਰ ਕਰਕੇ ਰਾਹਤ ਮਿਲੀ





ਫਰੀਦਕੋਟ-ਕੋਟਕਪੂਰਾ ਗੋਲੀ ਕਾਂਡ ਵਿੱਚ ਇਥੋਂ ਦੀ ਅਦਾਲਤ ਨੇ ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਉਸ ਵੇਲੇ ਦੇ ਐੱਸਐੱਸਪੀ ਸੁਖਮਿੰਦਰ ਸਿੰਘ ਮਾਨ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਹੈ, ਜਦੋਂਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਉਮਰ ਨੂੰ ਦੇਖਦਿਆਂ ਚੱਲਦੇ ਮੁਕੱਦਮੇ ਤੱਕ ਅਗਾਊਂ ਜ਼ਮਾਨਤ ਦੇ ਦਿੱਤੀ ਹੈ। ਵਿਸ਼ੇਸ਼ ਜਾਂਚ ਟੀਮ ਨੇ 24 ਫਰਵਰੀ ਨੂੰ ਇਨ੍ਹਾਂ ਸਾਰੇ ਵਿਅਕਤੀਆਂ ਖਿਲਾਫ਼ ਚਲਾਨ ਅਦਾਲਤ ਵਿੱਚ ਪੇਸ਼ ਕਰ ਦਿੱਤਾ ਸੀ, ਜਿਸ ਵਿੱਚ ਸਾਬਕਾ ਮੁੱਖ ਮੰਤਰੀ, ਉਪ ਮੁੱਖ ਮੰਤਰੀ ਅਤੇ ਪੁਲੀਸ ਅਧਿਕਾਰੀਆਂ ਉੱਪਰ ਸਾਜ਼ਿਸ਼ ਤਹਿਤ ਸਿੱਖ ਸੰਗਤਾਂ 'ਤੇ ਲਾਠੀਚਾਰਜ ਕਰਨ ਦੇ ਇਲਜ਼ਾਮ ਲੱਗੇ ਸਨ। ਇਸ ਦੇ ਨਾਲ ਹੀ ਅਦਾਲਤ ਨੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਆਦੇਸ਼ ਦਿੱਤੇ ਹਨ ਕਿ ਅਦਾਲਤ ਦੀ ਮਨਜ਼ੂਰੀ ਬਿਨਾਂ ਵਿਦੇਸ਼ ਨਹੀਂ ਜਾ ਸਕਦੇ। ਅਦਾਲਤ ਨੇ ਸਾਬਕਾ ਮੁੱਖ ਮੰਤਰੀ ਨੂੰ ਇਹ ਵੀ ਆਦੇਸ਼ ਦਿੱਤੇ ਹਨ ਕਿ ਉਹ ਕਿਸੇ ਵੀ ਤਰੀਕੇ ਨਾਲ ਕੇਸ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਾ ਕਰਨ ਅਤੇ ਯਕੀਨੀ ਤੌਰ 'ਤੇ 15 ਦਿਨ ਅੰਦਰ ਅਦਾਲਤ ਵਿੱਚ ਪੇਸ਼ ਹੋਣ। 28 ਸਫ਼ਿਆਂ ਦੇ ਫੈਸਲੇ ਵਿੱਚ ਅਦਾਲਤ ਨੇ ਬੇਅਦਬੀ ਤੋਂ ਬਾਅਦ ਵਾਪਰੀਆਂ ਸਾਰੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਜਾਂਚ ਟੀਮ ਨੇ ਦੱਸਿਆ ਕਿ ਸੰਗਤ ਉੱਪਰ ਗੈਰ-ਕਾਨੂੰਨੀ ਤਰੀਕੇ ਨਾਲ ਲਾਠੀਚਾਰਜ ਕੀਤਾ ਗਿਆ।

### ਸੁਖਬੀਰ ਨੇ ਸੰਵਿਧਾਨਕ ਜ਼ਿੰਮੇਵਾਰੀ ਨਹੀਂ ਨਿਭਾਈ-ਅਦਾਲਤ

ਅਦਾਲਤ ਦੇ ਫੈਸਲੇ ਵਿੱਚ ਲਿਖਿਆ ਹੈ ਕਿ ਜਦੋਂ ਪੰਜਾਬ ਬੇਅਦਬੀ ਦੀਆਂ ਘਟਨਾਵਾਂ ਕਾਰਨ ਉਬਲ ਰਿਹਾ ਸੀ ਤਾਂ ਪੰਜਾਬ ਦੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਗੁੜਗਾਉਂ ਦੇ ਇੱਕ ਹੋਟਲ ਵਿੱਚ ਸਨ ਅਤੇ ਇੱਥੇ ਦੋ ਦਿਨ ਰਹੇ ਤੇ ਉਨ੍ਹਾਂ ਨੇ ਸੂਬੇ ਪ੍ਰਤੀ ਆਪਣੀ ਕੋਈ ਬਣਦੀ ਸੰਵਿਧਾਨਕ ਜ਼ਿੰਮੇਵਾਰੀ ਨਹੀਂ ਨਿਭਾਈ। ਪੜਤਾਲ ਰਿਪੋਰਟ ਦਾ ਹਵਾਲਾ ਦਿੰਦਿਆਂ ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਇਹ ਵੀ ਲਿਖਿਆ ਹੈ ਕਿ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਗੁਰਮੀਤ ਰਾਮ ਰਹੀਮ ਸਿੰਘ ਨਾਲ ਸਿੱਧੇ ਤਾਲੁਕਾਤ ਸਨ ਅਤੇ ਉਸ ਨੇ ਚੋਣਾਂ ਵਿੱਚ ਵੋਟਾਂ ਰਾਹੀਂ ਡੇਰਾ ਸਿਰਸਾ ਤੋਂ ਸਿੱਧਾ ਫਾਇਦਾ ਲਿਆ। ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਵਾਪਰੀਆਂ ਤਿੰਨ ਘਟਨਾਵਾਂ ਲਈ ਜ਼ਿੰਮੇਵਾਰ ਡੇਰਾ ਪ੍ਰੇਮੀਆਂ ਖਿਲਾਫ਼ ਪੁਖਤਾ ਕਾਨੂੰਨੀ ਕਾਰਵਾਈ ਨਹੀਂ ਹੋਈ। ਅਦਾਲਤ ਨੇ ਆਪਣੇ ਫੈਸਲੇ ਵਿੱਚ ਇਹ ਵੀ ਕਿਹਾ ਹੈ ਕਿ ਜਾਂਚ ਟੀਮ ਵੱਲੋਂ ਤਿਆਰ ਕੀਤੀ ਰਿਪੋਰਟ ਤੱਥਾਂ, ਗਵਾਹਾਂ, ਵੀਡੀਓ ਅਤੇ ਫੋਰੈਂਸਿਕ ਗਵਾਹੀਆਂ ਦੇ ਆਧਾਰ 'ਤੇ ਹੈ ਅਤੇ ਇਸ ਰਿਪੋਰਟ ਦੇ ਤੱਥਾਂ ਨੂੰ ਨਕਾਰਿਆ ਨਹੀਂ ਜਾ ਸਕਦਾ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਫੈਡਰਲ ਫੰਡਿੰਗ ਨੇ ਸਰੀ ਵਿਚ ਸੁਰੱਖਿਅਤ ਕਿੰਗ ਜਾਰਜ ਬੁਲੇਵਾਰਡ ਬਣਾਉਣ ਦਾ ਕੀਤਾ ਐਲਾਨ

ਸਰੀ-ਲਿਬਰਲ ਐਮਪੀ ਰਣਦੀਪ ਐਸ ਸਰਾਏ ਅਤੇ ਸਰੀ ਦੀ ਮੇਅਰ ਬਰੈਂਡਾ ਲੌਕ ਨੇ ਨੇ ਸਰਗਰਮ ਟਰਾਂਸਪੋਰਟ ਯੂਜ਼ਰਾਂ ਲਈ ਕਿੰਗ ਜਾਰਜ ਬੁਲੇਵਾਰਡ ਸੁਰੱਖਿਅਤ ਬਣਾਉਣ ਲਈ 65 ਲੱਖ ਡਾਲਰ ਤੋਂ ਵੀ ਵੱਧ ਫੈਡਰਲ ਨਿਵੇਸ਼ ਦਾ ਐਲਾਨ ਕੀਤਾ ਹੈ। ਪੈਦਲ ਯਾਤਰੀਆਂ ਲਈ ਸੁਰੱਖਿਆ ਉਪਾਅ ਅਤੇ ਸੁਰੱਖਿਅਤ ਸਾਈਕਲਿੰਗ ਬੁਨਿਆਦੀ ਢਾਂਚਾ 96ਵੀਂ ਅਤੇ 108ਵੀਂ ਐਵੀਨਿਊਜ਼ ਵਿਚਕਾਰ ਰੱਖਿਆ ਜਾਵੇਗਾ। ਯੋਜਨਾਬੱਧ ਪੈਦਲ ਯਾਤਰੀ ਸੁਰੱਖਿਆ ਉਪਾਵਾਂ ਵਿਚ ਚੌੜੇ ਸਾਈਡਵਾਕ, ਕਰਬ ਐਕਸਟੈਂਸ਼ਨ, ਨਵੇਂ ਕਰੌਸਵਾਕ ਅਤੇ ਪਹੁੰਚਯੋਗ ਕਰਬ ਰੈਂਪਸ ਸ਼ਾਮਿਲ ਹਨ। ਖੱਬੇ ਪਾਸੇ ਮੁੜਨ ਵਾਲੇ ਵਾਹਨਾਂ ਨੂੰ ਵੱਖ ਕਰਨ, ਪੈਦਲ ਯਾਤਰੀਆਂ ਲਈ ਦਿਖ ਨੂੰ ਬਿਹਤਰ ਬਣਾਉਣ ਅਤੇ ਕਮਜ਼ੋਰ ਰੋਡ ਯੂਜ਼ਰਜ਼ ਦੇ ਬਚਾਅ ਲਈ ਟਰੈਫਿਕ ਸਿਗਨਲਾਂ ਵਿਚ ਵੀ ਸੋਧਾਂ ਕੀਤੀਆਂ ਜਾਣਗੀਆਂ। ਇਹ ਪ੍ਰਾਜੈਕਟ ਸਾਈਕਲ ਸਵਾਰਾਂ ਨੂੰ ਮੋਟਰ ਗੱਡੀਆਂ ਦੀ ਆਵਾਜਾਈ ਤੋਂ ਵੱਖ ਕਰਨ ਲਈ ਕੰਕਰੀਟ ਕਰਬ ਨਾਲ ਪੰਜ ਕਿਲੋਮੀਟਰ ਸੁਰੱਖਿਅਤ ਸਾਈਕਲਿੰਗ ਲੇਨਾਂ ਵੀ ਪੇਸ਼ ਕਰੇਗਾ। ਇਹ ਨਿਵੇਸ਼ ਕਮਜ਼ੋਰ ਸੜਕ ਯੂਜ਼ਰਾਂ ਲਈ ਸੁਰੱਖਿਆ ਨੂੰ ਵਧਾਏਗਾ ਜਿਨ੍ਹਾਂ ਦੀ ਗਿਣਤੀ ਲਗਪਗ 70 ਫ਼ੀਸਦੀ ਹੈ ਜਿਨ੍ਹਾਂ ਦੇ ਕਿੰਗ ਜਾਰਜ ਬੁਲੇਵਾਰਡ ਦੇ ਨਾਲ ਆਵਾਜਾਈ ਵਿਚ ਸੱਟਾਂ ਲਗਦੀਆਂ ਤੇ ਮੌਤਾਂ ਹੁੰਦੀਆਂ ਹਨ ਅਤੇ ਇਹ ਸ਼ਹਿਰ ਦੀ ਵਿਜ਼ਨ ਜ਼ੀਰੋ ਪ੍ਰਤੀਬੱਧਤਾਵਾਂ ਨੂੰ ਅੱਗੇ ਵਧਾਏਗਾ। ਜਦੋਂ ਇਸ ਦੀ ਇਕ ਵਾਰ ਉਸਾਰੀ ਹੋ ਗਈ ਤਾਂ ਇਸ ਨਾਲ ਕੋਰੀਡੋਰ ਵਿਚ ਸੁਧਾਰਾਂ ਕਾਰਨ ਤਿੰਨ ਸਾਲਾਂ ਵਿਚ ਹਾਦਸੇ ਘੱਟਣ ਅਤੇ 100 ਤੋਂ ਵੀ ਵੱਧ ਸੱਟਾਂ ਨੂੰ ਰੋਕਣ ਦੀ ਆਸ ਹੈ।







TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services

- LMIA • PNP
- Express Entry
- Student Visa
- Study Permit
- Work Permit
- Visitor Visa
- Family Sponsorship
- Super Visa
- Permanent Resident
- Citizenship

MOVED TO NEW LOCATION

- ਐਲ.ਐਮ ਆਈ ਏ
- ਪੀ.ਐਨ.ਪੀ
- ਐਕਸਪ੍ਰੈਸ ਐਂਟਰੀ
- ਫੈਮਲੀ ਸਪਾਂਸਰਸ਼ਿਪ
- ਵਿਜ਼ਟਰ ਵੀਜ਼ਾ
- ਸੱਟਡੀ ਪਰਮਿਟ
- ਵਰਕ ਪਰਮਿਟ
- ਸੁਪਰ ਵੀਜ਼ਾ
- ਪੀ.ਆਰ
- ਸਿਟੀਜ਼ਨਸ਼ਿਪ

ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)
Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
rcic-cric
TEJINDER GREWAL: 604-837-3101
License No. 562



JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
BBB ACCREDITED BUSINESS
An Independent Insurance Broker
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

*RATES SUBJECT TO CHANGE WITHOUT ANY NOTICE
HOUSE INSURANCE UP TO 65% DISCOUNT AVAILABLE
THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa
Ask for Special Rate for Super Visa Insurance
Money Back upon Visa Declined
- ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance
Call Us Before You Renew / Buy Any Insurance Lien & Accident Search Available



Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS* FREE LEGAL FEE & APPRAISAL
RAJ GILL, AMP
VANCOUVER
Unit 200-6330 Fraser St @47 Ave & Fraser St
604 564 1000
VERICO CANADA'S TRUSTED MORTGAGE EXPERTS
Our Symbol of Care & Service
Superior Mortgage
The Banking Alternative
SHARNJIT GILL, AMP
SURREY
Unit 244 8138 128 St
604 507 1000
www.quickapproval.ca

# ਕੈਮਲੂਪਸ ਨੇੜੇ 17 ਜੰਗਲੀ ਘੋੜਿਆਂ ਨੂੰ ਗੋਲੀ ਨਾਲ ਮਾਰ ਦਿੱਤਾ ਗਿਆ-ਜਾਂਚ ਜਾਰੀ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਵਿਚ ਅਧਿਕਾਰੀ 17 ਜੰਗਲੀ ਘੋੜਿਆਂ ਨੂੰ ਗੋਲੀ ਮਾਰ ਕੇ ਮਾਰਨ ਦੀ ਘਟਨਾ ਦੀ ਜਾਂਚ ਕਰ ਰਹੇ ਹਨ ਜਦਕਿ ਪੁਲਿਸ ਨੇ ਇਸ ਨੂੰ ਨਿਰਾਸ਼ ਕਰਨ ਵਾਲੀ ਕਾਰਵਾਈ ਆਖਿਆ ਹੈ। ਆਰਸੀਐਮਪੀ ਨੇ ਦੱਸਿਆ ਕਿ ਟੀਕਮਲੂਪਸ ਰੂਰਲ ਆਰਸੀਐਮਪੀ ਨੂੰ ਕੈਮਲੂਪਰਸ ਦੇ ਦੱਖਣ ਵਿਚ ਲਗਪਗ 65 ਕਿਲੋਮੀਟਰ ਦੂਰ ਕਈ ਮਰੇ ਹੋਏ ਘੋੜਿਆਂ ਦੀ ਰਿਪੋਰਟ ਮਿਲੀ। ਆਰਸੀਐਮਪੀ ਦੇ ਫੋਰੈਂਸਿਕ ਇੰਡੈਂਟੀਫਿਕੇਸ਼ਨ ਸੈਕਸ਼ਨ ਨੇ ਪਸ਼ੂਆਂ ਦਾ ਡਾਕਟਰ ਤੇ ਪਸ਼ੂਆਂ ਦੀ ਜਾਂਚ ਕਰਨ ਵਾਲੇ ਦੇ ਨਾਲ ਧਿਆਨ ਪੂਰਵਕ ਥਾਂ ਦੀ ਜਾਂਚ ਕੀਤੀ। ਆਰਸੀਐਮਪੀ ਨੇ ਕਿਹਾ ਕਿ ਘੋੜਿਆਂ ਨੂੰ ਮਾਰਨ ਦੇ ਮੰਤਵ ਦਾ ਪਤਾ ਨਹੀਂ ਲੱਗਾ ਅਤੇ ਜਾਂਚ ਕੀਤੀ ਜਾ ਰਹੀ ਹੈ।

# ਅਲਬਰਟਾ ਰੈੱਡ ਡੀਅਰ ਰੀਜਨਲ ਏਅਰਪੋਰਟ ਨੂੰ ਅਪਗ੍ਰੇਡ ਕਰਨ ਲਈ ਤਿੰਨ ਕਰੋੜ ਡਾਲਰ ਦੇਵੇਗਾ

ਐਡਮਿੰਟਨ-ਅਲਬਰਟਾ ਸਰਕਾਰ ਨੇ ਕਿਹਾ ਕਿ ਉਹ ਇਸ ਸਾਲ ਦੇ ਬਜਟ ਦੇ ਹਿੱਸੇ ਵਜੋਂ ਰੈੱਡ ਡੀਅਰ ਰੀਜਨਲ ਹਵਾਈ ਅੱਡੇ ਦੇ ਵਿਸਥਾਰ ਲਈ 3 ਕਰੋੜ ਡਾਲਰ ਖਰਚ ਕਰ ਰਹੀ ਹੈ। ਸੂਬੇ ਦਾ ਕਹਿਣਾ ਕਿ ਪੈਸਾ ਇਸ ਨੂੰ ਕੇਂਦਰੀ ਅਲਬਰਟਾ ਵਿਚ ਇਕ ਨਵੀਂ ਰਾਸ਼ਟਰੀ ਆਵਾਜਾਈ ਲੌਜਿਸਟਿਕਸ ਹੱਬ ਬਣਾਉਣ ਲਈ ਦਿੱਤਾ ਜਾ ਰਿਹਾ ਹੈ। ਹਵਾਈ ਅੱਡੇ ਦੀ ਮੁਰੰਮਤ ਅਤੇ ਇਸ ਦੀ ਹਵਾਈ ਪੱਟੀ ਨੂੰ ਅਧੁਨਿਕ ਬਣਾਉਣ ਲਈ ਗਰਾਂਟ ਦਿੱਤੀ ਜਾ ਰਹੀ ਹੈ। ਗਰਾਂਟ ਨਾਲ ਸੜਕ ਦੀ ਉਸਾਰੀ ਅਤੇ ਸਿਵਲ ਕੰਮ ਵੀ ਕੀਤੇ ਜਾਣਗੇ ਜਿਸ ਵਿਚ ਪਾਣੀ ਦੀ ਸਫਾਈ, ਸਟੌਰਮ ਵਰਕ ਅਤੇ ਟਾਊਨਸ਼ਿਪ ਰੋਡ ਨੇੜੇ ਫਾਈਬਰ ਆਪਟਿਕਸ ਸ਼ਾਮਿਲ ਹੈ।

# ਕੈਨੇਡਾ ਪਾਬੰਦੀਆਂ ਦੇ ਪ੍ਰਬੰਧ ਦੇ ਹਿੱਸੇ ਵਜੋਂ ਰੂਸੀ ਸਟੀਲ ਤੇ ਐਲਮੀਨੀਅਮ ਦੀ ਦਰਾਮਦ 'ਤੇ ਪਾਬੰਦੀ ਲਗਾਵੇਗਾ

ਓਟਵਾ-ਕੈਨੇਡਾ ਪਾਬੰਦੀਆਂ ਦੇ ਪ੍ਰਬੰਧ ਦੇ ਹਿੱਸੇ ਵਜੋਂ ਰੂਸ ਤੋਂ ਸਟੀਲ ਤੇ ਐਲਮੀਨੀਅਮ ਦੀ ਦਰਾਮਦ 'ਤੇ ਪਾਬੰਦੀ ਲਗਾ ਰਿਹਾ ਹੈ ਜਦਕਿ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਮੇਲਾਨੀਆ ਜੋਲੀ ਨੇ ਮਾਸਕੋ ਵਿਚ ਸ਼ਾਸਨ ਤਬਦੀਲੀ ਦੀ ਸੰਭਾਵਨਾ ਨੂੰ ਉਭਾਰਿਆ ਹੈ। ਜੋਲੀ ਨੇ ਇਹ ਟਿੱਪਣੀਆਂ ਇਕ ਪ੍ਰੈਸ ਕਾਨਫਰੰਸ ਵਿਚ ਕੀਤੀਆਂ ਜਿਥੇ ਮਾਸਕੋ ਵਿਚ ਕੂਟਨੀਤਕ ਮੌਜੂਦਗੀ ਬਣਾਈ ਰੱਖਣ ਦੀ ਮਹੱਤਤਾ ਬਾਰੇ ਚਰਚਾ ਕੀਤੀ ਗਈ। ਅਸੀਂ ਇਹ ਦੇਖਣ ਦੇ ਯੋਗ ਹਾਂ ਕਿ ਅਸੀਂ ਹੁਣ ਰੂਸੀ ਸ਼ਾਸਨ ਨੂੰ ਕਿੰਨਾ ਅਲੱਗ ਕਰ ਰਹੇ ਹਾਂ ਕਿਉਂਕਿ ਸਾਨੂੰ ਇਹ ਆਰਥਿਕ ਤੌਰ 'ਤੇ, ਰਾਜਨੀਤਕ ਅਤੇ ਕੂਟਨੀਤਕ ਤੌਰ 'ਤੇ ਕਰਨ ਦੀ ਲੋੜ ਹੈ।







# ਐਡਮਿੰਟਨ ਦੇ ਇਕ ਅਪਾਰਟਮੈਂਟ 'ਚ ਗੋਲੀਬਾਰੀ ਦੌਰਾਨ ਦੋ ਪੁਲਿਸ ਅਫਸਰ ਮਾਰੇ ਗਏ

ਸਫ਼ਾ 1 ਦੀ ਬਾਕੀ

ਸਾਢੇ ਪੰਜ ਸਾਲ ਤੋਂ ਐਡਮਿੰਟਨ ਪੁਲਿਸ ਵਿਚ ਸੇਵਾਵਾਂ ਨਿਭਾਅ ਰਹੇ ਸਨ। ਪੁਲਿਸ ਚੀਫ ਨੇ ਦੱਸਿਆ ਕਿ ਈਪੀਐਸ ਨੂੰ ਅੱਧੀ ਰਾਤ ਤੋਂ ਥੋੜ੍ਹੀ ਦੇਰ ਬਾਅਦ ਐਡਮਿੰਟਨ ਦੇ ਇੰਗਲਵੁੱਡ ਇਲਾਕੇ ਵਿੱਚ ਬੁਲਾਇਆ ਗਿਆ ਸੀ। ਪੁਲਿਸ ਅਫਸਰ ਅਜੇ ਉਥੇ ਪੁੱਜੇ ਹੀ ਸਨ ਕਿ ਉਹਨਾਂ ਉਪਰ ਅੰਧਾਧੁੰਦ ਗੋਲੀਆਂ ਚਲਾ ਦਿੱਤੀਆਂ ਗਈਆਂ। ਉਹਨਾਂ ਨੂੰ ਸੰਭਲਣ ਦਾ ਮੌਕਾ ਵੀ ਨਹੀ ਮਿਲਿਆ। ਉਹਨਾਂ ਦੱਸਿਆ ਅੱਜ ਸਵੇਰੇ ਲਗਭਗ 12.47 ਵਜੇ, ਸਾਡੇ ਪੱਛਮੀ ਡਿਵੀਜ਼ਨ ਦੇ ਕਾਂਸਟੇਬਲ ਜੌਰਡਨ ਅਤੇ ਰਿਆਨ ਨੇ 114 ਐਵੇਨਿਊ ਅਤੇ 132 ਸਟ੍ਰੀਟ ਦੇ ਖੇਤਰ ਦੇ ਨੇੜੇ ਇੱਕ ਅਪਾਰਟਮੈਂਟ ਬਿਲਡਿੰਗ ਵਿੱਚ ਇੱਕ ਪਰਿਵਾਰਕ ਝਗੜੇ ਦਾ ਜਵਾਬ ਦਿੱਤਾ। ਪਹੁੰਚਣ 'ਤੇ, ਦੋ ਗਸ਼ਤੀ ਮੈਂਬਰ ਇਮਾਰਤ ਦੇ ਅੰਦਰ ਚਲੇ ਗਏ, ਸੂਟ ਦੇ ਨੇੜੇ ਪਹੁੰਚੇ, ਪਰ ਇਸ ਦੌਰਾਨ ਅੰਦਰੋਂ ਸ਼ੱਕੀ ਨੇ ਉਹਨਾਂ ਉਪਰ ਗੋਲੀਆਂ ਚਲਾ ਦਿੱਤੀਆਂ। ਉਹਨਾਂ ਨੂੰ ਆਪਣੇ ਹਥਿਆਰਾਂ ਨੂੰ ਵਰਤਣ ਦਾ ਮੌਕਾ ਨਹੀਂ ਮਿਲਿਆ। ਦੋਵਾਂ ਜ਼ਖਮੀ ਅਫਸਰਾਂ ਨੂੰ ਹਸਪਤਾਲ ਪਹੁੰਚਾਇਆ ਗਿਆ ਪਰ ਦੋਵਾਂ ਨੂੰ ਹਸਪਤਾਲ ਵਿੱਚ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ। ਕਾਂਸਟੇਬਲ ਜਾਰਡਨ ਅਤੇ ਰਿਆਨ ਸਾਡੇ ਐਡਮਿੰਟਨ ਪੁਲਿਸ ਪਰਿਵਾਰ ਦੇ ਵਡਮੁੱਲੇ ਮੈਂਬਰ ਸਨ ਅਤੇ ਉਹ ਸਾਡੇ ਭਾਈਚਾਰੇ ਦੀ ਸੇਵਾ ਵਿੱਚ ਹਰ ਰੋਜ਼ ਸਾਡੇ ਨਾਲ-ਨਾਲ ਕੰਮ ਕਰਦੇ ਸਨ ਅਤੇ ਮੈਂ ਤੁਹਾਨੂੰ ਇਹ ਨਹੀਂ ਦੱਸ ਸਕਦਾ ਕਿ ਉਹਨਾਂ ਦੀ ਮੌਤ ਨਾਲ ਸਾਨੂੰ ਕਿੰਨਾ ਘਾਟਾ ਪਿਆ ਹੈ। ਅਸੀਂ ਜਾਣਦੇ ਹਾਂ ਕਿ ਉਨ੍ਹਾਂ ਦਾ ਪਰਿਵਾਰ ਅਤੇ ਦੋਸਤ, ਉਨ੍ਹਾਂ ਦਾ ਐਡਮਿੰਟਨ ਪੁਲਿਸ ਪਰਿਵਾਰ ਅਤੇ ਸਾਡਾ ਪੂਰਾ ਭਾਈਚਾਰਾ ਇਸ ਘਟਨਾ ਨਾਲ ਡੂੰਘਾ ਪ੍ਰਭਾਵਤ ਹੋਵੇਗਾ ਪਰ ਸਾਨੂੰ ਸਾਰਿਆਂ ਨੂੰ ਇੱਕ ਦੂਜੇ ਨਾਲ ਖੜੇ ਹੋਣਾ ਚਾਹੀਦਾ ਹੈ। ਗੋਲੀ ਚਲਾਉਣ ਵਾਲਾ ਸ਼ੱਕੀ ਇੱਕ 16 ਸਾਲ ਦਾ ਲੜਕਾ ਸੀ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਉਹ ਆਪ ਵੀ ਆਪਣੇ ਗੋਲੀ ਮਾਰਕੇ ਮਰ ਗਿਆ।

# ਬਿੱਲ ਸੀ-18 ਕਾਨੂੰਨ ਬਣਨ 'ਤੇ ਮੈਟਾ ਕੈਨੇਡੀਅਨਾਂ ਦੀ ਫੇਸਬੁੱਕ ਤੇ ਇੰਸਟਾਗ੍ਰਾਮ 'ਤੇ ਖ਼ਬਰਾਂ ਤਕ ਪਹੁੰਚ ਰੋਕ ਦੇਵਗੀ

ਓਟਵਾ-ਦੀ ਗਲੋਬ ਐਂਡ ਮੇਲ ਨੂੰ ਪਤਾ ਲੱਗਾ ਹੈ ਕਿ ਜੇਕਰ ਓਟਵਾ ਦਾ ਆਨਲਾਈਨ ਨਿਊਜ਼ ਬਿਲ ਕਾਨੂੰਨ ਬਣਦਾ ਹੈ ਤਾਂ ਤਕਨੀਕੀ ਦਿਗਜ ਕੰਪਨੀ ਮੈਟਾ ਨੇ ਕੈਨੇਡੀਅਨ ਲੋਕਾਂ ਦੀ ਫੇਸਬੁੱਕ ਤੇ ਇੰਸਟਾਗ੍ਰਾਮ 'ਤੇ ਖ਼ਬਰਾਂ ਦੀ ਸਮੱਗਰੀ ਨੂੰ ਦੇਖਣ ਜਾਂ ਸਾਂਝਾ ਕਰਨ ਦੀ ਸਮਰੱਥਾ ਨੂੰ ਰੋਕਣ ਦਾ ਫ਼ੈਸਲਾ ਕੀਤਾ ਹੈ। ਕੰਪਨੀ ਨੇ ਇਨ੍ਹਾਂ ਚਿੰਤਾਵਾਂ ਦਰਮਿਆਨ ਇਸ ਹਫ਼ਤੇ ਫ਼ੈਸਲਾ ਲਿਆ ਕਿ ਇਹ ਗੱਲ ਸਪਸ਼ਟ ਨਹੀਂ ਕਿ ਜੇਕਰ ਕਾਨੂੰਨ ਜਿਸ ਨੂੰ ਬਿੱਲ ਸੀ-18 ਕਰਕੇ ਜਾਣਿਆਂ ਜਾਂਦਾ ਹੈ ਲਾਗੂ ਕੀਤਾ ਜਾਂਦਾ ਹੈ ਤਾਂ ਕਿੰਨੀ ਵਿੱਤੀ ਬੋਝ ਪਵੇਗਾ। ਬਿੱਲ ਕਾਰਨ ਗੂਗਲ ਤੇ ਮੈਟਾ ਨੂੰ ਨਿਊਜ਼ ਸੰਗਠਨਾਂ ਨੂੰ ਉਨ੍ਹਾਂ ਦੀ ਸਮੱਗਰੀ ਪੋਸਟ ਕਰਨ ਜਾਂ ਲਿੰਕ ਕਰਨ ਬਦਲੇ ਮੁਆਵਜ਼ਾ ਦੇਣਾ ਪਵੇਗਾ। ਮੈਟਾ ਦੇ ਇਕ ਬੁਲਾਰੇ ਨੇ ਦੱਸਿਆ ਕਿ ਜੇਕਰ ਕਾਨੂੰਨ ਵਿਚ ਤਬਦੀਲੀਆਂ ਨਹੀਂ ਕੀਤੀਆਂ ਜਾਂਦੀਆਂ ਅਤੇ ਬਿੱਲ ਸੀ-18 ਕਾਨੂੰਨ ਬਣ ਜਾਂਦਾ ਹੈ ਤਾਂ ਕੰਪਨੀ ਕੈਨੇਡੀਅਨਾਂ ਦੀ ਲਿਖਤੀ ਤੇ ਪ੍ਰਸਾਰਤ ਖ਼ਬਰਾਂ ਤਕ ਪਹੁੰਚ ਖਤਮ ਕਰਨ ਦੀ ਯੋਜਨਾ ਬਣਾ ਰਹੀ ਹੈ। ਤਕਨੀਕੀ ਦਿਗਜ ਨੇ ਕਿਹਾ ਕਿ ਉਹ ਕੈਨੇਡੀਅਨਾਂ ਨੂੰ ਪੇਸ਼ਗੀ ਵਿਚ ਆਪਣੀਆਂ ਸੇਵਾਵਾਂ ਵਿਚ ਤਬਦੀਲੀ ਬਾਰੇ ਚਿਤਾਵਨੀ ਦੇਵੇਗੀ। ਹਾਊਸ ਆਫ ਕਾਮਨਜ਼ ਨੇ ਬਿੱਲ ਪਾਸ ਕਰ ਦਿੱਤਾ ਅਤੇ ਮੌਜੂਦਾ ਸਮੇਂ ਇਸ 'ਤੇ ਸੈਨੇਟ ਵਿਚ ਵਿਚਾਰ ਕੀਤੀ ਜਾ ਰਹੀ ਹੈ। ਗਰਮੀਆਂ ਤਕ ਇਸ ਦੇ ਪਾਰਲੀਮੈਂਟ ਵਿਚ ਪਾਸ ਹੋਣ ਦੀ ਆਸ ਹੈ। ਮੈਟਾ ਦੀ ਬੁਲਾਰਨ ਲੀਸਾ ਲੇਵੇਂਚਰ ਨੇ ਦੱਸਿਆ ਕਿ ਜੇਕਰ ਆਨਲਾਈਨ ਨਿਊਜ਼ ਐਕਟ ਮੌਜੂਦਾ ਰੂਪ ਵਿਚ ਪਾਸ ਹੋ ਜਾਂਦਾ ਹੈ ਤਾਂ ਕੈਨੇਡਾ ਵਿਚ ਲੋਕਾਂ ਲਈ ਫੇਸਬੁੱਕ ਅਤੇ ਇੰਸਟਾਗ੍ਰਾਮ 'ਤੇ ਖ਼ਬਰ ਸਮੱਗਰੀ ਤਕ ਪਹੁੰਚ ਨੂੰ ਖਤਮ ਕਰ ਦਿੱਤਾ ਜਾਵੇਗਾ।




# ਐਬਟਸਫੋਰਡ ਸਿਟੀ ਵਲੋਂ ਉਪਭੋਗਤਾ ਪੱਖੀ ਮਨੋਰੰਜਨ ਯੋਜਨਾ ਦੇਣ ਵਾਲਾ ਨਵਾਂ ਮਨੋਰੰਜਨ ਸਰਚ ਟੂਲ ਲਾਂਚ

ਐਬਟਸਫੋਰਡ-ਸ਼ਹਿਰ ਦੀ ਵੈੱਬਸਾਈਟ 'ਤੇ ਨਵੀਆਂ ਸਰਗਰਮੀਆਂ ਬਾਰੇ ਖੋਜ ਫੰਕਸ਼ਨ ਸ਼ੁਰੂ ਹੋਣ ਨਾਲ ਐਬਟਸਫੋਰਡ ਵਾਸੀ ਜਿਹੜੇ ਮਨੋਰੰਜਨ ਸਰਗਰਮੀਆਂ ਦੀ ਭਾਲ ਕਰ ਰਹੇ ਹਨ ਆਪਣਾ ਪਸੰਦੀਦਾ ਮਨੋਰੰਜਨ ਪ੍ਰੋਗਰਾਮ ਸ਼ਡਿਊਲ ਬਣਾ ਸਕਦੇ ਹਨ। ਨਵਾਂ ਵਧਾਇਆ ਗਿਆ ਖੋਜ ਟੂਲ ਯੂਜ਼ਰਾਂ ਨੂੰ ਉਨ੍ਹਾਂ ਦੇ ਖ਼ਾਸ ਮਾਪਦੰਡਾ ਤੇ ਦਿਸ਼ਾ-ਨਿਰਦੇਸ਼ਾਂ ਦੇ ਆਧਾਰ 'ਤੇ ਅਸਾਨੀ ਨਾਲ ਵਰਤਣਯੋਗ ਸੈਟਿੰਗ ਵਿਚ ਪੂਰੇ ਸ਼ਹਿਰ 'ਚ ਉਪਲਬਧ ਮਨੋਰੰਜਨ ਸਰਗਰਮੀਆਂ, ਪ੍ਰੋਗਰਾਮਾਂ ਤੇ ਪਾਠਾਂ ਨੂੰ ਸੌਖਾ ਲੱਭਣ ਦੀ ਇਜਾਜ਼ਤ ਦਿੰਦਾ ਹੈ। ਇਨ੍ਹਾਂ ਗਾਈਡਾਂ ਨੂੰ ਛਾਪਿਆ ਜਾ ਸਕਦਾ ਹੈ ਅਤੇ ਯੂਜ਼ਰਜ਼ ਆਪਣੀਆਂ ਖੋਜਾਂ ਦੇ ਆਧਾਰ 'ਤੇ ਵੱਖ ਵੱਖ ਪ੍ਰੋਗਰਾਮਾਂ ਲਈ ਰਜਿਸਟਰੇਸ਼ਨ ਕਰ ਸਕਦੇ ਹਨ। ਨਵੇਂ ਖੋਜ ਟੂਲ ਤਕ ਪਹੁੰਚ ਅਤੇ ਆਪਣਾ ਪਸੰਦੀਦਾ ਮਨੋਰੰਜਨ ਪ੍ਰੋਗਰਾਮ ਬਣਾਉਣ ਲਈ ਐਬਟਸਫੋਰਡ ਡਾਟ ਸੀਏ/ਐਕਟਿਵਟੀਜ਼-ਸਰਚ 'ਤੇ ਜਾ ਸਕਦੇ ਹੋ।

UNI GLOBAL IMMIGRATION
CONSULTING SERVICES LTD.
*Your Dream......Our Passion*
**For All Your Immigration Related Needs**
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic · cric
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

ਸੰਪਾਦਕੀ

# ਨਿਹੰਗ ਬਾਣੇ ਵਾਲੇ ਕੈਨੇਡੀਅਨ ਸਿੱਖ ਦੀ ਦੁਖਦਾਈ ਹੱਤਿਆ

## ਸਿੱਖੀ ਵਿਚ ਆਏ ਨਿਘਾਰ ਦੀ ਨਿਸ਼ਾਨਦੇਹੀ...

**ਸੁਖਵਿੰਦਰ ਸਿੰਘ ਚੋਹਲਾ**

ਇਸ ਵਾਰ ਸ੍ਰੀ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉਪਰ ਹੋਲੇ ਮੁਹੱਲੇ ਦੇ ਮੌਕੇ ਨਿਹੰਗ ਬਾਣੇ ਵਿਚ ਸਜੇ ਇਕ ਸਿੱਖ ਨੌਜਵਾਨ ਦੇ ਕਤਲ ਦੀ ਘਟਨਾ ਬਹੁਤ ਹੀ ਹਿਰਦੇਵੇਧਕ ਤੇ ਦਿਲ ਨੂੰ ਕੰਬਾਅ ਦੇਣ ਵਾਲੀ ਹੈ। ਲਗਪਗ 24 ਸਾਲ ਦਾ ਇਹ ਨੌਜਵਾਨ ਜਿਸਦੀ ਪਛਾਣ ਪਰਦੀਪ ਸਿੰਘ ਵਾਸੀ ਪਿੰਡ ਗਾਜੀਕੋਟ ਜਿਲਾ ਗੁਰਦਾਸਪੁਰ ਵਜੋ ਹੋਈ ਹੈ, ਕੈਨੇਡਾ ਦਾ ਪੀ ਆਰ ਸੀ ਤੇ ਉਹ ਕੁਝ ਸਮਾਂ ਪਹਿਲਾਂ ਹੀ ਆਪਣੇ ਪਰਿਵਾਰ ਨੂੰ ਮਿਲਣ ਪੰਜਾਬ ਆਇਆ ਸੀ। ਪ੍ਰਾਪਤ ਜਾਣਕਾਰੀ ਮੁਤਾਬਿਕ ਉਹ ਆਪਣੇ ਇਕ ਦੋਸਤ ਨਾਲ ਹੋਲੇ ਮੁਹੱਲੇ ਦੇ ਮੌਕੇ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਦੇ ਦਰਸ਼ਨ ਮੇਲੇ ਨੂੰ ਗਿਆ ਸੀ। ਇਸ ਦੌਰਾਨ ਉਸਨੇ ਪਵਿੱਤਰ ਤਿਉਹਾਰ ਨੂੰ ਮੇਲੇ ਵਾਂਗ ਮਨਾ ਰਹੇ ਕੁਝ ਮਨਚਲੇ ਨੌਜਵਾਨਾਂ ਨਾਲ ਉਹਨਾਂ ਵਲੋਂ ਆਪਣੀ ਜੀਪ ਵਿਚ ਲਗਾਏ ਉਚੀ ਆਵਾਜ ਵਿਚ ਵਜਾਏ ਜਾ ਰਹੇ ਗੀਤਾਂ ਨੂੰ ਲੈਕੇ ਬਹਿਸ ਹੋ ਗਈ। ਉਸਨੇ ਉਹਨਾਂ ਨੌਜਵਾਨਾਂ ਨੂੰ ਗੁਰੂ ਅਸਥਾਨ ਦੀ ਧਾਰਮਿਕ ਪਵਿੱਤਰਤਾ ਤੇ ਸਤਿਕਾਰ ਦੀ ਯਾਦ ਦਿਵਾਉਂਦਿਆਂ ਉਹਨਾਂ ਨੂੰ ਅਜਿਹੇ ਗੀਤ ਸੰਗੀਤ ਤੇ ਨਾਚ ਗਾਣੇ ਤੋ ਵਰਜਣ ਦਾ ਯਤਨ ਕੀਤਾ ਪਰ ਗੱਲ ਸਮਝਣ ਸਮਝਾਉਣ ਦੋ ਬਾਹਰੀ ਹੁੰਦਿਆਂ ਹਿੰਸਕ ਲੜਾਈ ਝਗੜੇ ਵਿਚ ਬਦਲ ਗਈ। ਚਸ਼ਮਦੀਦ ਗਵਾਹਾਂ ਤੇ ਪ੍ਰਾਪਤ ਵੀਡੀਓ ਮੁਤਾਬਿਕ ਨਿਹੰਗ ਸਿੰਘ ਨੇ ਨੌਜਵਾਨਾਂ ਨੂੰ ਆਪਣੀ ਤਲਵਾਰ ਨਾਲ ਡਰਾਉਣ ਦਾ ਯਤਨ ਕੀਤਾ ਪਰ ਅੱਗੋ ਨੌਜਵਾਨਾਂ ਦੀ ਗਿਣਤੀ ਜਿਆਦਾ ਹੋਣ ਕਾਰਣ ਮਾਮਲਾ ਵਿਗੜ ਗਿਆ। ਇਕ ਵੀਡੀਓ ਕਲਿਪ ਵਿਚ ਨਿਹੰਗ ਸਿੰਘ ਦੀ ਬੁਰੀ ਤਰਾਂ ਮਾਰਕੁਟਾਈ ਕਰਦਿਆਂ ਤੇ ਫਿਰ ਉਸਦਾ ਬੇਹੋਸ਼ ਹੋ ਕੇ ਡਿੱਗਣ ਦਾ ਦ੍ਰਿਸ਼ ਬਹੁਤ ਹੀ ਦਿਲ ਕੰਬਾਊ ਹੈ। ਇਸ ਘਟਨਾ ਦਾ ਦੁਖਦਾਈ ਤੇ ਅਫਸੋਸਨਾਨ ਪਹਿਲੂ ਇਹ ਵੀ ਰਿਹਾ ਕਿ ਆਸ ਪਾਸ ਖੜੇ ਲੋਕ ਕੇਵਲ ਤਮਾਸ਼ਾ ਦੇਖਦੇ ਰਹੇ,



ਵੀਡੀਓਗ੍ਰਾਫੀ ਕਰਦੇ ਰਹੇ ਪਰ ਕਿਸੇ ਨੇ ਇਹਨਾਂ ਨੂੰ ਛੁਡਾਉਣ ਜਾਂ ਬਚਾਉਣ ਦਾ ਯਤਨ ਨਹੀ ਕੀਤਾ। ਮੌਕੇ ਤੇ ਮੌਜੂਦ ਕੋਈ ਪੁਲਿਸ ਕਰਮਚਾਰੀ ਜਾਂ ਅਧਿਕਾਰੀ ਵੀ ਦਿਖਾਈ ਨਹੀ ਦਿੱਤਾ। ਮਾਪਿਆ ਦੇ ਇਕਲੌਤੇ ਪੁੱਤਰ ਪਰਦੀਪ ਸਿੰਘ ਦਾ ਇਸ ਤਰਾਂ ਇਕ ਮਹਾਨ ਧਾਰਮਿਕ ਸਥਾਨ ਉਪਰ ਗੁੰਡਾ ਅਨਸਰਾਂ ਦੇ ਗੁੱਸੇ ਦਾ ਸ਼ਿਕਾਰ ਹੋ ਜਾਣਾ ਤੇ ਜਾਨੋ ਹੱਥ ਧੋ ਬੈਠਣਾ ਜਿਥੇ ਅਤੀ ਪੀੜਾਦਾਇਕ ਹੈ ਉਥੇ ਸਾਡੇ ਧਾਰਮਿਕ ਸਥਾਨਾਂ ਤੇ ਧਾਰਮਿਕ ਜੋੜ ਮੇਲਿਆਂ ਤੇ ਤਿਉਹਾਰਾਂ ਪ੍ਰਤੀ ਲੋਕਾਂ ਤੇ ਵਿਸ਼ੇਸ਼ ਕਰਕੇ ਨੌਜਵਾਨਾਂ ਦੇ ਪੇਤਲੇ ਨਜ਼ਰੀਏ ਪ੍ਰਤੀ ਵੀ ਵੱਡੇ ਸਵਾਲ ਪੈਦਾ ਕਰਦਾ ਹੈ । ਸਵਾਲ ਇਹ ਵੀ ਜੇ ਸਾਡੀ ਨੌਜਵਾਨ ਪੀੜੀ ਆਪਣੇ ਧਾਰਮਿਕ ਸਥਾਨਾਂ ਦੀ ਪਵਿੱਤਰਤਾ ਤੇ ਉਹਨਾਂ ਦੀ ਇਤਿਹਾਸਕ ਮਹੱਤਤਾ ਤੋ ਅਣਜਾਣ ਹੈ ਤਾਂ ਦੂਸਰੇ ਪਾਸੇ ਸਵਾਲ ਉਸ ਧਾਰਮਿਕ ਕੱਟੜਤਾ ਉਪਰ ਹੈ ਜੋ ਉਹਨਾਂ ਨੂੰ ਪਿਆਰ ਨਾਲ ਪ੍ਰੇਰਨ ਦੀ ਬਿਜਾਏ ਜਬਰੀ ਆਪਣਾ ਕਨੂੰਨ ਕਾਇਦਾ ਸਿਖਾਉਣ ਦੀ ਕੋਸ਼ਿਸ਼ ਕਰਦੀ ਹੈ। ਨਿਹੰਗ ਸਿੰਘ ਨੌਜਵਾਨ ਦੀ ਨਿਰਮਮ ਹੱਤਿਆ ਦਾ ਦੁਖ ਮਨਾਉਂਦਿਆਂ ਕਿਹਾ ਜਾ ਰਿਹਾ ਹੈ ਕਿ ਗੁੰਡਾ ਅਨਸਰਾਂ ਨੇ ਆਪਣੇ ਲੱਚਰ ਸੌਕ ਦੀ ਪੂਰਤੀ ਵਿਚ ਅੜਿਕਾ ਡਾਹੁਣ ਨੂੰ ਬਰਦਾਸ਼ਤ ਨਾ ਕਰਦਿਆਂ ਉਸਨੂੰ ਜਾਨੋ ਮਾਰ ਮੁਕਾਇਆ। ਇਹ ਸਚਮੁੱਚ ਦੁਖਦਾਈ ਹੈ ਪਰ ਇਸ ਘਟਨਾ ਦਾ ਸਾਹਮਣੇ ਆਇਆ ਦੂਸਰਾ ਪਹਿਲੂ ਇਹ ਵੀ ਹੈ ਕਿ ਨਿਹੰਗ ਸਿੰਘ ਦੀ ਤਲਵਾਰ ਦੇ ਵਾਰ ਨਾਲ ਆਪਣੇ ਦੋਵੇਂ ਗੁੱਟ ਲੁਹਾ ਬੈਠਾ ਇਕ ਨੌਜਵਾਨ ਪੀਜੀਆਈ ਵਿਚ ਬਹੁਤ ਹੀ ਤਰਸਯੋਗ ਹਾਲਤ ਵਿਚ ਪਿਆ ਹੈ। ਜਾਹਰ ਹੈ ਕਿ ਦੋਵਾਂ ਧਿਰਾਂ ਵਿਚਾਲੇ ਬਹਿਸ ਮੁਬਾਸੇ ਉਪਰੰਤ ਤਲਵਾਰਾਂ ਚੱਲਣ ਤੇ ਫਿਰ ਇਕ ਦੂਸਰੇ ਨੂੰ ਮਾਰ ਮਕਾਉਣ ਤੱਕ ਗੱਲ ਪੁੱਜ ਗਈ। ਇਸ ਘਟਨਾ ਦਾ ਹਿੰਸਕ ਰੂਪ ਵਟਾ ਲੈਣ ਦੇ ਮੂਲ ਵਿਚ ਸ਼ਾਇਦ ਪੰਜਾਬੀ ਸੁਭਾਅ ਕਾਫੀ ਹੱਦ ਤੱਕ ਜਿੰਮੇਵਾਰ ਰਿਹਾ ਹੋਵੇਗਾ। ਪੰਜਾਬੀਆਂ ਨੂੰ ਕੋਈ ਗੱਲ ਪਿਆਰ ਨਾਲ ਤਾਂ ਸਮਝਾਈ ਜਾ ਸਕਦੀ ਹੈ, ਗੁੱਸੇ ਜਾਂ ਰੋਹਬ ਨਾਲ ਨਹੀ। ਇਸ ਦਰਦਨਾਕ ਘਟਨਾ ਦਾ ਇਕ ਹੋਰ ਪਹਿਲੂ ਬੇਚੈਨ ਕਰਨ ਵਾਲਾ ਹੈ ਕਿ ਖਾਲਸੇ ਦੀ ਜਨਮ ਭੂਮੀ ਤੇ ਨਿਹੰਗ ਸਿੰਘ ਦੇ ਬਾਣੇ ਵਿਚ ਵਿਚਰ ਰਹੇ ਇਕ ਨੌਜਵਾਨ ਦਾ ਭੀੜ ਦੇ ਸਾਹਮਣੇ ਮਾਰਕੁਟਾਈ ਕਰਦਿਆਂ ਕਤਲ ਕਰ ਦਿੱਤਾ ਗਿਆ। ਖਾਲਸੇ ਦੀ ਉਹ ਧਰਤੀ ਜਿਥੇ ਨਿਹੰਗ ਸਿੰਘਾਂ ਨੂੰ ਗੁਰੂ ਦੀਆਂ ਲਾਡਲੀਆਂ ਫੋਜਾਂ ਕਹਿਕੇ ਸਤਿਕਾਰਿਆ ਜਾਂਦਾ ਹੈ। ਪਰ ਉਸੇ ਧਰਤੀ ਉਪਰ ਸੈਂਕੜੇ ਲੋਕਾਂ ਦੀਆਂ ਅੱਖਾਂ ਦੇ ਸਾਹਮਣੇ ਨਿਹੰਗ ਬਾਣੇ ਵਾਲੇ ਨੌਜਵਾਨ ਨੂੰ ਅਪਮਾਨਿਤ ਕੀਤੇ ਜਾਣਾ ਤੇ ਫਿਰ ਮੌਤ ਦੇ ਘਾਟ ਉਤਾਰ ਦੇਣਾ ਸਿੱਖੀ ਵਿਚ ਆਏ ਨਿਘਾਰ ਦੀ ਵੀ ਨਿਸ਼ਾਨਦੇਹੀ ਕਰਦਾ ਹੈ। ਕੈਨੇਡਾ ਵਰਗੇ ਵਿਕਸਿਤ ਮੁਲਕ ਵਿਚ ਰਹਿਣ ਵਾਲਾ ਇਕ ਨੌਜਵਾਨ ਪੰਜਾਬ ਪਰਤਦਿਆਂ ਉਸ ਨਿਹੰਗ ਸਿੰਘ ਬਾਣੇ ਨੂੰ ਪਹਿਨਕੇ ਤਾਂ ਮਾਣ ਮਹਿਸੂਸ ਕਰਦਾ ਹੈ ਪਰ ਉਸਦੇ ਇਸ ਮਾਣ ਦਾ ਜਨਾਜਾ ਉਸ ਆਨੰਦਪੁਰ ਸਾਹਿਬ ਦੀ ਧਰਤੀ ਉਪਰ ਕਿਵੇਂ ਨਿਕਲਿਆ, ਇਹ ਪੰਥਕ ਕਹਾਉਣ ਵਾਲੇ ਲੋਕਾਂ ਤੇ ਦਾਅਵੇਦਾਰਾਂ ਨੂੰ ਹਲੂਣਨ ਵਾਲਾ ਤੇ ਸ਼ਰਮਨਾਕ ਵੀ ਹੈ।






# ਜੂਨੋ ਐਵਾਰਡਸ ਮੌਕੇ ਇਕ ਔਰਤ ਵਲੋਂ ਟੌਪਲੈੱਸ ਪ੍ਰਦਰਸ਼ਨ



ਐਡਮਿੰਟਨ-ਜੂਨੋ ਐਵਾਰਡਸ ਵਿਖੇ ਇਕ ਔਰਤ ਨੇ ਟੌਪਲੈੱਸ ਪ੍ਰਦਰਸ਼ਨ ਕੀਤਾ। ਇਸ ਪ੍ਰਦਰਸ਼ਨ ਪਿੱਛੋਂ ਅਪਰਾਧਿਕ ਦੋਸ਼ ਦਾ ਸਾਹਮਣਾ ਕਰ ਰਹੀ ਇਸ ਔਰਤ ਨੇ ਕਿਹਾ ਕਿ ਉਹ ਗਾਇਕਾ ਐਵਰਿਲ ਲੈਵਿਗਨੇ ਵਲੋਂ ਉਸ ਨੂੰ ਚੰਗਾ ਮੰਦਾ ਕਹਿਣ ਅਤੇ ਉਸ ਨੂੰ ਸਟੇਜ ਤੋਂ ਉਤਾਰਨ ਦੀ ਮੰਗ ਕਰਨ ਤੋਂ ਪ੍ਰੇਸ਼ਾਨ ਨਹੀਂ। ਕੈਨੇਡੀਅਨ ਪੌਪ-ਪੰਕ ਸਟਾਰ ਜਦੋਂ ਪੇਸ਼ਕਾਰੀ ਦੇ ਰਹੀ ਸੀ ਤਾਂ ਕੈਸੀ ਹੈਥਰਲੀ ਨਾਂਅ ਦੀ ਔਰਤ ਜੂਨੋ ਸਟੇਜ 'ਤੇ ਜਾ ਚੜ੍ਹੀ। ਮਿਸ ਹੈਥਰਲੀ ਨੇ ਟੈਲੀਫੋਨ 'ਤੇ ਇਕ ਮੁਲਾਕਾਤ ਵਿਚ ਕਿਹਾ ਕਿ ਉਹ ਸੱਚਮੁੱਚ ਆਸ ਕਰ ਰਹੀ ਸੀ ਕਿ ਐਵਰਿਲ ਅਸਟੈਬਲਿਸ਼ ਵਿਰੋਧੀ ਗੱਲ ਕਰੇਗੀ, ਉਸ ਨੂੰ ਸ਼ਾਇਦ ਮਾਈਕ ਦੇਵੇਗੀ ਅਤੇ ਮੈਨੂੰ ਮੇਰੀ ਗੱਲ ਕਹਿਣ ਦਾ ਮੌਕਾ ਦੇਵੇਗੀ। ਜੋ ਕੁਝ ਵਾਪਰਿਆ ਹੈ ਉਸ ਤੋਂ ਉਹ ਪ੍ਰੇਸ਼ਾਨ ਨਹੀਂ। ਐਵਿਰਲ ਨੂੰ ਦੱਸ ਦਿਉ ਕਿ ਮੈਂ ਪਾਗਲ ਨਹੀਂ। ਸ਼ਰਾਰਤ ਦੇ ਦੋਸ਼ ਵਿਚ ਮਿਸ ਹੈਥਰਲੀ ਨੂੰ ਐਡਮਿੰਟਨ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਵੈਨਕੂਵਰ ਵਾਸੀ 37 ਸਾਲਾ ਹੈਥਰਲੀ ਦਾ ਕਹਿਣਾ ਕਿ ਉਸ ਨੂੰ ਸਟੇਜ 'ਤੇ ਜਾਣ ਵਿਚ ਕੋਈ ਔਖ ਨਹੀਂ ਹੋਈ।

# ਅਲਬਰਟਾ ਵਿਚ ਸਾਰੀਆਂ ਪੁਲਿਸ ਸੇਵਾਵਾਂ ਲਈ ਬਾਡੀ ਕੈਮਰੇ ਲਾਜ਼ਮੀ ਕਰਨ ਦੀ ਯੋਜਨਾ

ਐਡਮਿੰਟਨ-ਅਲਬਰਟਾ ਸਰਕਾਰ ਸੂਬੇ ਵਿਚ ਸਾਰੀਆਂ ਪੁਲਿਸ ਸੇਵਾਵਾਂ ਲਈ ਬਾਡੀ ਕੈਮਰਿਆਂ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਹੀ ਹੈ। ਜਨਤਕ ਸੁਰੱਖਿਆ ਬਾਰੇ ਮੰਤਰੀ ਮਾਈਕ ਐਲਿਸ ਨੇ ਦੱਸਿਆ ਕਿ ਅਧਿਕਾਰੀਆਂ ਨੂੰ ਅਕਸਰ ਗੁੰਝਲਦਾਰ ਕਾਲਾਂ ਦਾ ਜਵਾਬ ਦੇਣਾ ਪੈਂਦਾ ਹੈ ਅਤੇ ਬਹੁਤ ਥੋੜੇ ਸਮੇਂ ਵਿਚ ਫ਼ੈਸਲੇ ਲੈਂਦੇ ਹਨ। ਇਸ ਨਾਲ ਅਫਸਰਾਂ ਦੀਆਂ ਕਾਰਵਾਈਆਂ ਬਾਰੇ ਜਨਤਾ ਵਿਚ ਚਿੰਤਾਵਾਂ ਪੈਦਾ ਹੋ ਸਕਦੀਆਂ ਹੈ ਕਿ ਕੀ ਢੁਕਵੀ ਤਾਕਤ ਦੀ ਵਰਤੋਂ ਕੀਤੀ ਗਈ ਸੀ ਜਾਂ ਨਹੀਂ। ਐਲਿਸ ਨੇ ਦੱਸਿਆ ਕਿ ਪੁਲਿਸ ਲਈ ਆਪਣੇ ਸਰੀਰ 'ਤੇ ਕੈਮਰਾ ਪਹਿਨਣ ਨੂੰ ਲਾਜ਼ਮੀ ਕਰਨਾ ਇਕ ਤਬਦੀਲੀ ਵਾਲਾ ਫ਼ੈਸਲਾ ਹੈ ਅਤੇ ਇਹ ਫ਼ੈਸਲਾ ਇਹ ਯਕੀਨੀ ਬਣਾਵੇਗਾ ਕਿ ਅਧਿਕਾਰੀਆਂ ਨਾਲ ਸਾਰੀ ਗੱਲਬਾਤ ਉਦੇਸ਼ ਪੂਰਣ ਹੋਵੇ। ਪੁਲਿਸ ਗੁੰਝਲਦਾਰ ਕਾਲਾਂ ਦਾ ਜਵਾਬ ਦਿੰਦੀ ਹੈ ਜਿਨ੍ਹਾਂ ਵਿਚ ਕਮਜ਼ੋਰ ਅਲਬਰਟਾ ਵਾਸੀ ਹਨ ਜਿਹੜੇ ਮਾਨਸਿਕ ਸਿਹਤ ਸੰਕਟ ਦਾ ਸਾਹਮਣਾ ਕਰ ਰਹੇ ਹਨ ਜਾਂ ਨਸ਼ੇ ਤੋਂ ਪੀੜਤ ਹਨ ਜਾਂ ਉਨ੍ਹਾਂ ਦੀਆਂ ਜਿੰਦਗੀਆਂ ਮੁਸ਼ਕਿਲ ਪਲਾਂ ਦਾ ਸਾਹਮਣਾ ਕਰ ਰਹੀਆਂ ਹੁੰਦੀਆਂ ਹਨ । ਉਨ੍ਹਾਂ ਦੱਸਿਆ ਕਿ ਅਲਬਰਟਾ ਬਾਡੀ 'ਤੇ ਕੈਮਰਾ ਪਹਿਨਣਾ ਲਾਜ਼ਮੀ ਕਰਨ ਵਾਲਾ ਪਹਿਲਾ ਸੂਬਾ ਹੋਵੇਗਾ।





# ਅਲਬਰਟਾ ਨੇ ਕੈਨੇਡੀਅਨਾਂ ਨੂੰ ਸੂਬੇ ਵਿਚ ਆਉਣ ਲਈ ਭਰਮਾਉਣ ਵਾਸਤੇ ਦੂਸਰੀ ਇਸ਼ਤਿਹਾਰੀ ਮੁਹਿੰਮ ਸ਼ੁਰੂ ਕੀਤੀ

ਐਡਮਿੰਟਨ-ਅਲਬਰਟਾ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ ਸੂਬੇ ਵਿਚ ਹਜ਼ਾਰਾਂ ਖਾਲੀ ਅਸਾਮੀਆਂ ਨੂੰ ਭਰਨ ਲਈ ਕਾਮਿਆਂ ਨੂੰ ਖਿੱਚਣ ਦੇ ਮੰਤਵ ਨਾਲ ਆਪਣਾ ਅਲਬਰਟਾ ਇਜ਼ ਕਾਲਿੰਗ ਇਸ਼ਤਿਹਾਰ ਮੁਹਿੰਮ ਦਾ ਵਿਸਥਾਰ ਕਰ ਰਹੀ ਹੈ। ਜੈਸਨ ਕੈਨੀ ਦੀ ਅਗਵਾਈ ਵਿਚ ਯੂਨਾਈਟਡ ਕੰਸਰਵੇਟਿਵ ਪਾਰਟੀ ਵਲੋਂ ਪਿਛਲੇ ਪੱਤਝੜ ਵਿਚ ਸ਼ੁਰੂ ਕੀਤੀ ਮੁਹਿੰਮ ਦਾ ਨਿਸ਼ਾਨਾ ਟੋਰਾਂਟੋ ਤੇ ਵੈਨਕੂਵਰ ਸੀ ਅਤੇ ਲੋਕਾਂ ਨੂੰ ਰਹਿਣ ਸਹਿਣ ਦੀਆਂ ਘੱਟ ਲਾਗਤਾਂ ਨਾਲ ਨੌਕਰੀਆਂ ਲਈ ਭਰਮਾਇਆ ਗਿਆ ਸੀ। ਇਸ ਵਾਰ ਅਲਬਰਟਾ ਓਨਟਾਰੀਓ ਵਿਚ ਹੈਮਿਲਟਨ, ਲੰਡਨ ਅਤੇ ਨੌਰਥ ਵੇਅ ਵਰਗੇ ਛੋਟੇ ਸ਼ਹਿਰਾਂ 'ਤੇ ਧਿਆਨ ਦੇ ਰਿਹਾ ਹੈ ਅਤੇ ਨਿਊਫਾਊਂਡਲੈਂਡ ਅਤੇ ਲੈਬਰਾਡੋਰ, ਪ੍ਰਿੰਸ ਐਡਵਾਰਡ ਆਈਲੈਂਡ, ਨਿਊ ਬਰੁੰਸਵਿਕ ਅਤੇ ਨੋਵਾ ਸਕੋਸ਼ੀਆਂ ਵਿਚ ਹੋਰ ਪੂਰਬੀ ਖੇਤਰਾਂ ਤੋਂ ਵੀ ਲੋਕਾਂ ਨੂੰ ਖਿੱਚਣ ਦੀ ਆਸ ਕਰ ਰਿਹਾ ਹੈ। ਮੁੱਖ ਨਿਸ਼ਾਨਾ ਹੁਨਰਮੰਦ ਟਰੇਡਜ਼, ਸਿਹਤ ਸੰਭਾਲ, ਮਹਿਮਾਨਨਿਵਾਜ਼ੀ ਤੇ ਤਕਨਾਲੋਜੀ ਵਾਲੇ ਕਾਮੇ ਹਨ। ਯੋਜਨਾ ਦਾ ਐਲਾਨ ਕਰਦਿਆਂ ਨੌਕਰੀਆਂ, ਆਰਥਿਕਤਾ ਅਤੇ ਨੌਰਦਰਨ ਵਿਕਾਸ ਬਾਰੇ ਮੰਤਰੀ ਬਰਾਇਨ ਜੀਨ ਨੇ ਕਿਹਾ ਕਿ ਲੋਕਾਂ ਨੂੰ ਪਤਾ ਹੈ ਕਿ ਉਹ ਟੋਰਾਂਟੋ ਵਿਚ ਨੌਕਰੀ ਪ੍ਰਾਪਤ ਕਰ ਸਕਦੇ ਹਨ ਪਰ ਕੀ ਉਹ ਟੋਰਾਂਟੋ ਵਿਚ ਰਹਿ ਸਕਦੇ ਹਨ? ਸਵਾਲ ਇਹੀ ਹੈ ਕਿ ਬਹੁਤ ਲੋਕ ਮੰਨਦੇ ਹਨ ਕਿ ਉਹ ਉਥੇ ਨਹੀਂ ਰਹਿ ਸਕਦੇ ਅਤੇ ਇਸ ਦੀ ਬਜਾਏ ਉਹ ਅਲਬਰਟਾ ਆ ਜਾਣ। ਸਟੈਟਸਟਿਕਸ ਕੈਨੇਡਾ ਮੁਤਾਬਿਕ ਪਿਛਲੇ ਸਾਲ ਦੀ ਤੀਸਰੀ ਤਿਮਾਹੀ ਵਿਚ ਕੈਨੇਡਾ ਦੇ ਵੱਖ ਵੱਖ ਇਲਾਕਿਆਂ ਤੋਂ ਲਗਪਗ 33000 ਲੋਕ ਅਲਬਰਟਾ ਆਏ ਜਦਕਿ 14000 ਜਾਂ ਇਸ ਤੋਂ ਜ਼ਿਆਦਾ ਚਲੇ ਗਏ ਜਿਸ ਨਾਲ ਸੂਬੇ ਨੂੰ 19000 ਲੋਕਾਂ ਦੀ ਪ੍ਰਾਪਤੀ ਹੋਈ। ਪਿਛਲੀ ਤਿਮਾਹੀ ਵਿਚ ਲਗਪਗ 10000 ਲੋਕਾਂ ਦਾ ਵਾਧਾ ਹੋਇਆ ਸੀ।

# ਐਕਸਪ੍ਰੈੱਸ ਐਂਟਰੀ- ਆਈ.ਆਰ.ਸੀ.ਸੀ. ਨੇ 490 ਦੇ ਸਕੋਰ ਦੇ ਨਾਲ ਘੱਟੋ ਘੱਟ 7000 ਉਮੀਦਵਾਰਾਂ ਨੂੰ ਦਿੱਤਾ ਸੱਦਾ

ਓਟਵਾ-ਇਮੀਗਰੇਸ਼ਨ, ਰਿਫੂਊਜ਼ੀਸ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਨੇ ਕੰਪਰੀਹੇਇਸਵ ਰੈਂਕਿੰਗ ਸਿਸਟਮ (ਸੀਆਰਐਸ) ਦੇ ਘੱਟੋ ਘੱਟ 490 ਦੇ ਸਕੋਰ ਵਾਲੇ 7000 ਉਮੀਦਵਾਰਾਂ ਨੂੰ ਸੱਦਾ ਪੱਤਰ ਜਾਰੀ ਕੀਤਾ ਹੈ। ਇਸ ਡਰਾਅ ਵਿਚ ਆਈਟੀਏਐਸ ਦੀ ਗਿਣਤੀ ਨੇ 18 ਜਨਵਰੀ ਨੂੰ ਆਲ-ਪ੍ਰੋਗਰਾਮ ਡਰਾਅ ਵਿਚ 5500 ਉਮੀਦਵਾਰਾਂ ਨੂੰ ਸੱਦਾ ਦੇਣ ਦੇ ਪਿਛਲੇ ਰਿਕਾਰਡ ਨੂੰ ਮਾਤ ਕਰ ਦਿੱਤਾ ਹੈ।ਆਲ-ਪ੍ਰੋਗਰਾਮ ਡਰਾਅ ਵਿਚ ਤਿੰਨ ਐਕਸਪ੍ਰੈਸ ਐਂਟਰੀ ਪ੍ਰੋਗਰਾਮਾਂ ਦੀ ਫੈਡਰਲ ਸਕਿਲਡ ਵਰਕਰ ਪ੍ਰੋਗਰਾਮ (ਐਫਐਸਡਬਲਯੂਪੀ) ਦੀ ਫੈਡਰਲ ਸਕਿਲਡ ਟਰੇਡਸ ਪ੍ਰੋਗਰਾਮ (ਐਫਐਸਟੀਪੀ) ਅਤੇ ਕੈਨੇਡੀਅਨ ਐਕਸਪੀਰੀਐਂਸ ਕਲਾਸ (ਸੀਈਸੀ) ਸ਼ਾਮਿਲ ਹੁੰਦੇ ਹਨ। ਇਹ ਡਰਾਅ ਪ੍ਰੋਗਰਾਮ ਵਿਸ਼ੇਸ਼ ਡਰਾਅ ਦੇ ਪੈਟਰਨ ਨੂੰ ਤੋੜਦਾ ਹੈ ਜਿਹੜਾ ਪਿਛਲੇ ਦੋ ਮਹੀਨਿਆਂ ਤੋਂ ਚਲ ਰਿਹਾ ਸੀ। ਪਿਛਲੇ ਆਲ-ਪ੍ਰੋਗਰਾਮ ਡਰਾਅ ਪਿੱਛੋਂ ਪ੍ਰੋਗਰਾਮ-ਸਪੈਸੀਫਿਕ ਦਾ ਸੱਦਾ ਦੇਣ ਦੇ ਚਾਰ ਪ੍ਰੋਗਰਾਮ ਹੋਏ ਹਨ ਜਿਨ੍ਹਾਂ ਵਿਚੋਂ ਤਿੰਨ ਪੀਐਨਪੀ-ਆਨਲੀ ਅਤੇ ਇਕ ਐਫਐਸਡਬਲਯੂਪੀ ਉਮੀਦਵਾਰਾਂ ਲਈ ਸੀ। ਸਭ ਤੋਂ ਤਾਜ਼ਾ ਡਰਾਅ ਪੀਐਨਪੀ-ਆਨਲੀ ਸੀ ਅਤੇ ਇਕ ਮਾਰਚ ਨੂੰ ਸਿਰਫ 697 ਉਮੀਦਵਾਰਾਂ ਨੂੰ ਸੱਦਾ ਮਿਲਿਆ ਸੀ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ



ਲਾਹੌਰ-ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਤੋਸ਼ਾਖਾਨਾ ਕੇਸ ਵਿਚ ਗ੍ਰਿਫ਼ਤਾਰ ਕਰਨ ਦੇ ਮੰਤਵ ਨਾਲ ਪੁਲੀਸ ਵੱਡੀ ਗਿਣਤੀ 'ਚ ਉਨ੍ਹਾਂ ਦੀ ਲਾਹੌਰ ਸਥਿਤ ਰਿਹਾਇਸ਼ ਉਤੇ ਪਹੁੰਚ ਗਈ। ਪੁਲੀਸ ਨੇ ਇਮਰਾਨ ਦੀ ਰਿਹਾਇਸ਼ ਨੂੰ ਘੇਰਾ ਪਾ ਲਿਆ ਤੇ ਉੱਥੇ ਉਨ੍ਹਾਂ ਦੀ ਸਾਬਕਾ ਪ੍ਰਧਾਨ ਮੰਤਰੀ ਦੇ ਸਮਰਥਕਾਂ ਨਾਲ ਝੜਪ ਵੀ ਹੋਈ। ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਆਪਣੇ ਸਮਰਥਕਾਂ ਨੂੰ ਆਪਣੇ ਹੱਕਾਂ ਲਈ ਖੜ੍ਹਨ ਦਾ ਸੱਦਾ ਦਿੱਤਾ ਹੈ। ਪੀਟੀਆਈ ਆਗੂ ਨੇ ਕਿਹਾ ਕਿ 'ਉਹ (ਇਮਰਾਨ) ਭਾਵੇਂ ਮਾਰੇ ਜਾਣ ਜਾਂ ਗ੍ਰਿਫ਼ਤਾਰ ਹੋ ਜਾਣ, ਪਾਰਟੀ ਸੰਘਰਸ਼ ਜਾਰੀ ਰੱਖੇ।' ਇਮਰਾਨ ਖਾਨ ਦੇ ਘਰ ਲਾਗੇ ਇਕੱਠੇ ਹੋਏ ਸਮਰਥਕਾਂ ਨੂੰ ਖਿੰਡਾਉਣ ਲਈ ਪੁਲੀਸ ਨੇ ਅੱਜ ਅੱਥਰੂ ਗੈਸ ਤੇ ਜਲ ਤੋਪਾਂ ਦੀ ਵਰਤੋਂ ਕੀਤੀ। ਪਾਰਟੀ ਵਰਕਰਾਂ ਨੇ ਇਸ ਦੌਰਾਨ ਪੁਲੀਸ ਵੱਲ ਪੱਥਰ ਵੀ ਸੁੱਟੇ। ਇਮਰਾਨ ਨੇ ਲੋਕਾਂ ਨੂੰ ਸੰਬੋਧਨ ਹੁੰਦਿਆਂ ਕਿਹਾ, 'ਇਹ ਲੜਾਈ ਉਹ ਉਨ੍ਹਾਂ ਲਈ ਲੜ ਰਹੇ ਹਨ, ਤੇ ਲੜਦੇ ਰਹਿਣਗੇ।' ਇਮਰਾਨ ਨੇ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ, 'ਲੋਕ ਇਨ੍ਹਾਂ ਚੋਰਾਂ ਦੀ ਗੁਲਾਮੀ ਨੂੰ ਸਵੀਕਾਰ ਨਾ ਕਰਨ।' ਇਮਰਾਨ ਵੱਲੋਂ ਸਮਰਥਕਾਂ ਨੂੰ ਦਿੱਤੇ ਸੱਦੇ ਤੋਂ ਬਾਅਦ ਪਾਕਿਸਤਾਨ ਦੇ ਕਈ ਸ਼ਹਿਰਾਂ ਵਿਚ ਰੋਸ ਮੁਜ਼ਾਹਰੇ ਸ਼ੁਰੂ ਹੋ ਗਏ ਹਨ।

# ਅਮਰੀਕਾ ਵਿਚ ਸਿਲੀਕਾਨ ਵੈਲੀ ਬੈਂਕ ਤੋਂ ਬਾਦ ਸਿਗਨੇਚਰ ਬੈਂਕ ਬੰਦ ਹੋਇਆ

ਨਿਊਯਾਰਕ-ਸਿਲੀਕਾਨ ਵੈਲੀ ਬੈਂਕ (ਐੱਸਵੀਬੀ) ਮਗਰੋਂ ਅਮਰੀਕਾ ਦਾ 'ਸਿਗਨੇਚਰ ਬੈਂਕ' ਮੂਧੇ ਮੂੰਹ ਹੋ ਗਿਆ ਹੈ। ਬਾਇਡਨ ਸਰਕਾਰ ਨੇ ਇਸ ਖੇਤਰੀ ਬੈਂਕ ਨੂੰ ਬੰਦ ਕਰ ਦਿੱਤਾ ਹੈ। ਅਮਰੀਕੀ ਸਦਰ ਜੋਅ ਬਾਇਡਨ ਨੇ ਮੁਲਕ ਦੇ ਬੈਂਕਿੰਗ ਪ੍ਰਬੰਧ ਵਿੱਚ ਲੋਕਾਂ ਦੇ ਭਰੋਸੇ ਨੂੰ ਕਾਇਮ ਰੱਖਣ ਲਈ ਐਲਾਨ ਕੀਤਾ ਹੈ ਕਿ ਸਿਗਨੇਚਰ ਬੈਂਕ ਦੇ ਖਾਤਾਧਾਰਕਾਂ ਨੂੰ ਐੱਸਵੀਬੀ ਦੇ ਖਾਤਾਧਾਰਕਾਂ ਨਾਲ ਕੀਤੇ ਸਮਝੌਤੇ ਵਾਂਗ ਉਨ੍ਹਾਂ ਦਾ ਸਾਰਾ ਪੈਸਾ ਮਿਲੇਗਾ। ਬਾਇਡਨ ਨੇ ਦਾਅਵਾ ਕੀਤਾ ਕਿ ਅਮਰੀਕੀ ਬੈਂਕਿੰਗ ਪ੍ਰਬੰਧ ਪੂਰੀ ਤਰ੍ਹਾਂ ਸੁਰੱਖਿਅਤ ਤੇ ਚੜ੍ਹਦੀ ਕਲਾਂ ਵਿੱਚ ਹੈ। ਅਮਰੀਕੀ ਬੈਂਕਾਂ ਦੇ ਉਪਰੋਥਲੀ ਬੰਦ ਹੋਣ ਦਾ ਅਸਰ ਏਸ਼ਿਆਈ ਤੇ ਯੂਰੋਪੀ ਬਾਜ਼ਾਰਾਂ ਵਿੱਚ ਵੀ ਨਜ਼ਰ ਆਇਆ ਹੈ, ਜੋ ਅੱਜ ਨਾਟਕੀ ਢੰਗ ਨਾਲ ਡਿੱਗ ਗਏ। ਨਿਵੇਸ਼ਕਾਂ ਦੇ ਮਨਾਂ ਵਿੱਚ ਬਣੇ ਖ਼ੌਫ਼ ਕਰਕੇ ਭਾਰਤੀ ਸ਼ੇਅਰ ਬਾਜ਼ਾਰ ਅੱਜ ਪੰਜ ਮਹੀਨਿਆਂ ਦੇ ਹੇਠਲੇ ਪੱਧਰ 'ਤੇ ਪੁੱਜ ਗਿਆ। ਬੀਐੱਸਈ ਦਾ 30 ਸ਼ੇਅਰਾਂ ਵਾਲਾ ਸੈਂਸੈਕਸ 897.28 ਨੁਕਤਿਆਂ ਦੇ ਨੁਕਸਾਨ ਨਾਲ 58,237.85 ਦੇ ਪੱਧਰ ਨੂੰ ਪੁੱਜ ਗਿਆ ਜਦੋਂਕਿ ਐੱਨਐੱਸਈ ਦੇ ਨਿਫਟੀ ਨੂੰ 258.60 ਨੁਕਤਿਆਂ ਦੀ ਮਾਰ ਪਈ। ਰਾਸ਼ਟਰਪਤੀ ਜੋਅ ਬਾਇਡਨ ਨੇ ਅਮਰੀਕੀਆਂ ਨੂੰ ਕਿਹਾ ਕਿ ਦੇਸ਼ ਦਾ ਵਿੱਤੀ ਪ੍ਰਬੰਧ ਬਿਲਕੁਲ ਸੁਰੱਖਿਅਤ ਹੈ। ਉਨ੍ਹਾਂ ਦੇਸ਼ਵਾਸੀਆਂ ਨੂੰ ਮੁਖਾਤਿਬ ਹੁੰਦਿਆਂ ਕਿਹਾ, "ਤੁਹਾਡੀ ਬੈਂਕਾਂ ਵਿੱਚ ਪਈ ਰਾਸ਼ੀ ਬਿਲਕੁਲ ਸੁਰੱਖਿਅਤ ਹੈ। ਲੋੜ ਪੈਣ 'ਤੇ ਤੁਹਾਨੂੰ ਇਹ ਪੈਸਾ ਮਿਲੇਗਾ।" ਚੇਤੇ ਰਹੇ ਕਿ ਅਮਰੀਕੀ ਰੈਗੂਲੇਟਰ ਨੂੰ ਲੰਘੇ ਸ਼ੁੱਕਰਵਾਰ ਸਿਲੀਕਾਨ ਵੈਲੀ ਬੈਂਕ ਉਦੋਂ ਬੰਦ ਕਰਨਾ ਪੈ ਗਿਆ, ਜਦੋਂ ਸਾਰੇ ਖਾਤਾਧਾਰਕ ਇਕੋ ਵੇਲੇ ਆਪਣੇ ਫੰਡ ਕਢਵਾਉਣ ਲਈ ਪੁੱਜ ਗਏ। ਅਮਰੀਕੀ ਇਤਿਹਾਸ ਵਿੱਚ ਇਹ ਦੂਜਾ ਮੌਕਾ ਹੈ ਜਦੋਂ ਕਿਸੇ ਵੱਡੇ ਬੈਂਕ ਨੂੰ ਬੰਦ ਕਰਨਾ ਪਿਆ ਹੈ। ਇਸ ਤੋਂ ਪਹਿਲਾਂ 2008 ਵਿੱਚ ਵਾਸ਼ਿੰਗਟਨ ਮਿਊਚਲ ਫੇਲ੍ਹ ਹੋ ਗਿਆ ਸੀ।




# ਪੰਜਾਬੀ ਫਿਲਮੀ ਕਲਾਕਾਰ ਅਮਨ ਧਾਲੀਵਾਲ ਉਪਰ ਜਾਨਲੇਵਾ ਹਮਲਾ

ਯੂਬਾ ਸਿਟੀ-ਅਮਰੀਕਾ ਦੇ ਕੈਲੇਫੋਰਨੀਆ ਸ਼ਹਿਰ ਵਿੱਚ ਪੰਜਾਬੀ ਅਦਾਕਾਰ ਅਮਨ ਧਾਲੀਵਾਲ 'ਤੇ ਇੱਕ ਵਿਅਕਤੀ ਵੱਲੋਂ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ ਗਿਆ ਹੈ। ਇਸ ਹਮਲੇ ਵਿੱਚ ਅਦਾਕਾਰ ਜ਼ਖ਼ਮੀ ਹੋ ਗਿਆ ਹੈ, ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਹਾਲ ਦੀ ਘੜੀ ਉਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਦਾਕਾਰ 'ਤੇ ਹਮਲਾ ਕਰਨ ਵਾਲੇ ਨੂੰ ਸਥਾਨਕ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਇਥੇ ਮਾਨਸਾ 'ਚ ਰਹਿੰਦੇ ਅਮਨ ਧਾਲੀਵਾਲ ਦੇ ਮਾਤਾ-ਪਿਤਾ ਅਨੁਸਾਰ ਹਾਲੇ ਹਮਲੇ ਦਾ ਕਾਰਨ ਪਤਾ ਨਹੀਂ ਲੱਗ ਸਕਿਆ ਹੈ। ਬਹੁਤੇ ਲੋਕ ਇਸ ਨੂੰ ਅਮਰੀਕਾ ਵਿੱਚ ਭਾਰਤੀਆਂ 'ਤੇ ਹੋ ਰਹੇ ਹਮਲਿਆਂ ਨਾਲ ਜੋੜ ਕੇ ਵੇਖ ਰਹੇ ਹਨ। ਅਦਾਕਾਰ ਦੇ ਪਿਤਾ ਸ਼੍ਰੋਮਣੀ ਕਮੇਟੀ ਮੈਂਬਰ ਤੇ ਸੀਨੀਅਰ ਅਕਾਲੀ ਆਗੂ ਮਾਸਟਰ ਮਿੱਠੂ ਸਿੰਘ ਕਾਹਨੇਕੇ ਨੇ ਦੱਸਿਆ ਕਿ ਅਮਰੀਕਾ ਦੀ ਇੱਕ ਜਿਮ ਵਿੱਚ ਅਮਨ 'ਤੇ ਇਹ ਹਮਲਾ ਹੋਇਆ ਹੈ। ਹਮਲਾਵਰ ਨੂੰ ਪੁਲੀਸ ਨੇ ਕਾਬੂ ਕਰ ਲਿਆ ਹੈ ਤੇ ਅਮਨ ਦੇ ਦੋਸਤਾਂ ਨੇ ਉਸ ਨੂੰ ਹਸਪਤਾਲ ਪਹੁੰਚਾਇਆ ਹੈ। ਅਦਾਕਾਰ ਦੇ ਪਿਤਾ ਨੇ ਕਿਸੇ ਨਾਲ ਕੋਈ ਦੁਸ਼ਮਣੀ ਹੋਣ ਦੀ ਗੱਲ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਹਮਲਾਵਰ ਪਹਿਲਾਂ ਅਮਨ ਨੂੰ ਚਾਕੂ ਵਰਗੀ ਕੋਈ ਤੇਜ਼ਧਾਰ ਚੀਜ਼ ਦਿਖਾ ਕੇ ਉਸ ਨੂੰ ਡਰਾ ਰਿਹਾ ਸੀ ਤੇ ਫਿਰ ਅਚਾਨਕ ਉਸ ਨੇ ਅਮਨ 'ਤੇ ਹਮਲਾ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਅਮਨ ਨੇ ਹਮਲਾਵਰ ਨੂੰ ਕਾਬੂ ਕਰਕੇ ਜ਼ਮੀਨ 'ਤੇ ਸੁੱਟ ਲਿਆ ਤੇ ਹਮਲਾਵਰ ਨੂੰ ਪੁਲੀਸ ਹਵਾਲੇ ਕੀਤਾ।





# ਬਿਸ਼ਨੋਈ ਦੀ ਇੰਟਰਵਿਊ ਪਿੱਛੇ ਡੂੰਘੀ ਸਾਜਿਸ਼-ਬਲਕੌਰ ਸਿੰਘ ਸਿੱਧੂ

ਸਫ਼ਾ 3 ਦੀ ਬਾਕੀ

ਉਨ੍ਹਾਂ ਕਿਹਾ ਕਿ ਗੈਂਗਸਟਰ ਲਾਰੈਂਸ ਦਾ ਇੰਟਰਵਿਊ ਕਰਵਾਉਣ ਦਾ ਮਕਸਦ ਪਹੀਲੀ ਬਰਸੀ ਤੋਂ ਪਹਿਲਾਂ ਸਿੱਧੂ ਮੂਸੇਵਾਲਾ ਨੂੰ ਬਦਨਾਮ ਕਰਨਾ ਹੈ। ਸ੍ਰੀ ਬਲਕੌਰ ਸਿੰਘ ਦਾ ਕਹਿਣਾ ਹੈ ਕਿ 19 ਮਾਰਚ ਨੂੰ ਸਿੱਧੂ ਦੀ ਬਰਸੀ ਹੈ। ਇਸ ਲਈ ਇਹ ਸਾਰਾ ਕੀਤਾ ਜਾ ਰਿਹਾ ਹੈ। ਇਸ ਦੇ ਪਿੱਛੇ ਕਾਰਨ ਇਹ ਹੈ ਕਿ ਬਰਸੀ 'ਤੇ ਘੱਟ ਤੋਂ ਘੱਟ ਲੋਕ ਪਹੁੰਚਣ। ਉਨ੍ਹਾਂ ਦੇ ਪੁੱਤਰ ਦੀ ਕਤਲ ਹੋਏ 10 ਮਹੀਨੇ ਹੋ ਗਏ ਹਨ ਪਰ ਇਸ ਵਾਰਦਾਤ ਪਿੱਛੇ ਕਿਸ ਦਾ ਹੱਥ ਹੈ, ਇਸ ਦਾ ਹਾਲੇ ਤੱਕ ਪਤਾ ਨਹੀਂ ਲੱਗਿਆ। ਹੁਣ ਤੱਕ ਸਿਰਫ਼ ਹਮਲਾਵਰ ਹੀ ਫੜੇ ਗਏ ਹਨ। ਇਸ ਸਾਰੀ ਸਾਜ਼ਿਸ਼ ਨੂੰ ਰਚਣ ਵਾਲੇ ਜਾਂ ਸਿੱਧੂ ਮੂਸੇਵਾਲਾ ਨੂੰ ਮਰਵਾਉਣ ਵਾਲਿਆਂ ਤੱਕ ਪੁਲੀਸ ਨਹੀਂ ਪਹੁੰਚ ਸਕੀ।

# ਲਾਰੈਂਸ ਦੀ ਜੇਲ ਵਿਚ ਇੰਟਰਵਿਊ ਮਾਮਲੇ ਦੀ ਜਾਂਚ ਦੇ ਹੁਕਮ

ਸਫ਼ਾ 3 ਦੀ ਬਾਕੀ

ਉਨ੍ਹਾਂ ਇਸ ਦੀ ਜਾਂਚ ਲਈ ਡੀਜੀਪੀ ਗੌਰਵ ਯਾਦਵ ਨੂੰ ਹੁਕਮ ਜਾਰੀ ਕੀਤੇ ਹਨ। ਪਤਾ ਲੱਗਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਦਾ ਸਖ਼ਤ ਨੋਟਿਸ ਲਿਆ ਹੈ। ਮੁੱਖ ਸਕੱਤਰ ਨੇ ਦੱਸਿਆ ਕਿ ਉਨ੍ਹਾਂ ਲਾਰੈਂਸ ਬਿਸ਼ਨੋਈ ਦੀ ਨਸ਼ਰ ਹੋਈ ਇੰਟਰਵਿਊ ਦੀ ਪੜਤਾਲ ਕਰਨ ਦੇ ਹੁਕਮ ਦੇ ਦਿੱਤੇ ਹਨ ਅਤੇ ਡੀਜੀਪੀ ਨੂੰ ਇਸ ਇੰਟਰਵਿਊ ਦਾ ਸਮਾਂ ਅਤੇ ਸਥਾਨ ਪਤਾ ਲਗਾਉਣ ਬਾਰੇ ਕਿਹਾ ਹੈ। ਉਨ੍ਹਾਂ ਇਸ ਜਾਂਚ ਨੂੰ ਸਮਾਂਬੱਧ ਨਹੀਂ ਕੀਤਾ ਹੈ। ਉਂਜ, ਜੇਲ੍ਹ ਵਿਭਾਗ ਨੇ ਬੀਤੇ ਕੱਲ੍ਹ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਬਠਿੰਡਾ ਜੇਲ੍ਹ 'ਚੋਂ ਇਹ ਇੰਟਰਵਿਊ ਹੋਣ ਬਾਰੇ ਅਫ਼ਵਾਹਾਂ ਚੱਲ ਰਹੀਆਂ ਹਨ ਜਿਨ੍ਹਾਂ 'ਚ ਕੋਈ ਸਚਾਈ ਨਹੀਂ ਹੈ।

### ਡੀਜੀਪੀ ਵੱਲੋਂ ਸਪੱਸ਼ਟੀਕਰਣ

ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਜੇਲ੍ਹ 'ਚੋਂ ਸਾਹਮਣੇ ਆਈ ਵੀਡੀਓ ਬਾਰੇ ਪੰਜਾਬ ਪੁਲੀਸ ਦੇ ਡੀਜੀਪੀ ਗੌਰਵ ਯਾਦਵ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਵੀਡੀਓ ਪੰਜਾਬ ਤੋਂ ਬਾਹਰ ਰਿਕਾਰਡ ਕੀਤੀ ਗਈ ਹੈ। ਇਹ ਰਾਜ ਦੀ ਕਿਸੇ ਜੇਲ੍ਹ ਵਿਚ ਨਹੀਂ ਬਣੀ। ਉਨ੍ਹਾਂ ਕਿਹਾ ਕਿ ਇਹ ਸਾਜ਼ਿਸ਼ ਤਹਿਤ ਵਾਇਰਲ ਕੀਤੀ ਗਈ ਹੈ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL | MORTGAGES 1st, 2nd or Private | BUILD WITH WARRANTY BUILD, SUPPORT & ADVICE TEAM WORK

KULWANT ATWAL 604-716-2135 | BHAJAN ATWAL 604-773-8426 | 604-773-8426 604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages

604-716-2135 604-773-8426





# ਕੈਲਗਰੀ 'ਚ 'ਦਿੱਲੀ ਰੋਡ 'ਤੇ ਇਕ ਹਾਦਸਾ' ਦਾ ਸਫਲ ਪ੍ਰਦਸ਼ਨ !

ਕੈਲਗਰੀ-ਉੱਘੀ ਥੀਏਟਰ ਕਲਾਕਾਰ ਤੇ ਪੰਜਾਬੀ ਫਿਲਮ ਐਕਟਰ ਅਨੀਤਾ ਸਬਦੀਸ਼ ਵਲੋਂ ਪਾਲੀ ਭੁਪਿੰਦਰ ਸਿੰਘ ਦੇ ਲਿਖੇ ਨਾਟਕ 'ਦਿੱਲੀ



ਰੋਡ ਤੇ ਇੱਕ ਹਾਦਸਾ' ਨਾਟਕ ਦਾ ਸਫਲ ਪ੍ਰਦਰਸ਼ਨ ਕੀਤਾ।ਸੈਂਟਰਲ ਲਾਇਬ੍ਰੇਰੀ ਕੈਲਗਰੀ ਡਾਊਨਟਾਊਨ ਦੇ ਦਰਸ਼ਕਾਂ ਨਾਲ਼ ਖਚਾ-ਖਚ ਭਰੇ ਥੀਏਟਰ ਵਿੱਚ ਦਰਸ਼ਕਾਂ ਨੇ ਸਾਹ ਰੋਕ ਇੱਕ ਘੰਟਾ ਅਨੀਤਾ ਦੀ ਕਮਾਲ ਦੀ ਕਲਾਕਾਰੀ ਦਾ ਅਨੰਦ ਮਾਣਿਆ। ਇਹ ਇੱਕ ਸੋਲੋ ਨਾਟਕ ਸੀ, ਜਿਸ ਵਿੱਚ ਅਨੀਤਾ ਨੇ ਵੱਖ-ਵੱਖ ਔਰਤਾਂ ਦੇ ਕਿਰਦਾਰ ਨਿਭਾਏ ਅਤੇ ਸਮਾਜ ਵਿੱਚ ਔਰਤਾਂ ਦੇ ਹਾਲਾਤਾਂ ਦੀ ਵੇਦਨਾ ਨੂੰ ਪ੍ਰਗਟ ਕੀਤਾ ਗਿਆ।ਬੇਸ਼ਕ ਨਾਟਕ ਦਾ ਵਿਸ਼ਾ ਕਾਫੀ ਗੰਭੀਰ ਸੀ, ਪਰ ਦਰਸ਼ਕਾਂ ਨੇ ਸਾਰਾ ਨਾਟਕ ਬੜੀ ਨੀਝ ਨਾਲ਼ ਦੇਖਿਆ। 'ਪ੍ਰੋਗਰੈਸਿਵ ਕਲਚਰਲ਼ ਐਸੋਸੀਏਸ਼ਨ ਕੈਲਗਰੀ' ਅਤੇ 'ਸਿੱਖ ਵਿਰਸਾ ਇੰਟਰਨੈਸ਼ਨਲ' ਵਲੋਂ ਇਹ ਸਮਾਗਮ 8 ਮਾਰਚ ਦੇ 'ਕੌਮਾਂਤਰੀ ਨਾਰੀ ਦਿਵਸ' ਅਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀਆਂ 23 ਮਾਰਚ ਦੀਆਂ ਸ਼ਹੀਦੀਆਂ ਨੂੰ ਸਮਰਪਿਤ ਕੀਤਾ ਗਿਆ ਸੀ।ਇਸ ਮੌਕੇ ਤੇ ਕੈਮਲੂਪਸ ਤੋਂ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ ਤੇ ਪਹੁੰਚੇ ਲੇਖਕ, ਨਾਟਕ ਨਿਰਦੇਸ਼ਕ ਤੇ ਆਲੋਚਕ ਡਾ. ਸੁਰਿੰਦਰ ਧੰਜਲ ਨੇ 'ਕੌਮਾਂਤਰੀ ਨਾਰੀ ਦਿਵਸ ਦੀ ਸਭਿਆਚਾਰਕ ਮਹੱਤਤਾ' ਵਿਸ਼ੇ ਤੇ ਵਿਸ਼ੇਸ਼ ਲੈਕਚਰ ਪੇਸ਼ ਕੀਤਾ। ਉਨ੍ਹਾਂ ਆਪਣੇ ਲੈਕਚਰ ਵਿੱਚ ਦਰਸ਼ਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਨਾਰੀ ਵਿਰੋਧੀ ਸਭਿਆਚਾਰ ਦੇ ਬਦਲ ਵਜੋਂ ਆਪਣੀਆਂ ਪੰਜਾਬੀ ਬੋਲੀਆਂ ਨੂੰ ਬੰਦ ਕਰਕੇ ਨਵੀਆਂ ਬੋਲੀਆਂ ਪ੍ਰਚਲਤ ਕਰਨੀਆਂ ਚਾਹੀਦੀਆਂ ਹਨ।ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਪੰਜਾਬੀ ਬੋਲੀ, 'ਨੀ ਮੈਂ ਸੱਸ ਕੁੱਟਣੀ, ਕੁੱਟਣੀ ਸਦੂਕਾਂ ਓਹਲੇ' ਦੀ





ਥਾਂ ਇਹ ਬੋਲੀ ਪ੍ਰਚਲਤ ਕਰਨੀ ਚਾਹੀਦੀ ਹੈ, 'ਨੀ ਮੈਂ ਸੱਸ ਰੱਖਣੀ, ਰੱਖਣੀ ਮਾਂ ਬਣਾ ਕੇ'। ਵਿਅੰਗਮਾਈ ਲਹਿਜੇ ਵਿੱਚ ਗੱਲ ਨੂੰ ਅੱਗੇ ਤੋਰਦਿਆਂ, ਧੰਜਲ ਸਾਹਿਬ ਕਹਿੰਦੇ ਹਨ ਕਿ ਜੇ ਸੱਸ ਖਰਾਬੀ ਕਰਦੀ ਹੋਵੇ ਤਾਂ ਸਦੂਕਾਂ ਓਹਲੇ ਕਿਉਂ, ਸ਼ਰੇਆਮ ਸਭ ਦੇ ਸਾਹਮਣੇ ਕੁੱਟਣੀ ਚਾਹੀਦੀ ਹੈ? ਇਸ ਮੌਕੇ ਡਾ. ਧੰਜਲ ਦੀ ਕਿਤਾਬ 'ਦੀਵੇ ਜਗਦੇ ਰਹਿਣ' ਨੂੰ ਡਾ. ਧੰਜਲ, ਮਾਸਟਰ ਭਜਨ ਸਿੰਘ, ਪ੍ਰੋ. ਗੋਪਾਲ ਜੱਸਲ, ਸੁਖਵੀਰ ਗਰੇਵਾਲ਼, ਗੁਰਦੀਪ ਕੌਰ ਪਰਹਾਰ, ਕੁਸੁਮ ਸ਼ਰਮਾ, ਰਿਸ਼ੀ ਨਾਗਰ, ਮਿਸਜ਼ ਮਾਨ ਵਲੋਂ ਰਿਲੀਜ਼ ਕੀਤਾ ਗਿਆ। ਡਾ. ਧੰਜਲ ਨੂੰ ਸਮਾਗਮ ਦੀਆਂ ਅਯੋਜਿਤ ਸੰਸਥਾਵਾਂ ਵਲੋਂ ਕਿਤਾਬਾਂ ਦਾ ਸੈਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਕੈਲਗਰੀ ਵਿੱਚ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਤੇ ਖੇਡਾਂ ਨਾਲ਼ ਜੋੜਨ ਲਈ ਪਿਛਲੇ ਕਈ ਸਾਲਾਂ ਤੋਂ ਸੁਖਵੀਰ ਗਰੇਵਾਲ਼ ਦੀ ਅਗਵਾਈ ਵਿੱਚ ਚੱਲ ਰਹੇ 'ਅੰਗਸਤਾਨ ਕੈਲਗਰੀ' ਦੇ ਬੱਚਿਆਂ ਸਲੋਨੀ ਗੌਤਮ, ਕੀਰਤ ਕੌਰ ਧਾਰਨੀ ਅਤੇ ਪ੍ਰਭਰੂਪ



ਸਿੰਘ ਮਾਂਗਟ ਵਲੋਂ ਨਾਰੀ ਦਿਵਸ ਨੂੰ ਸਮਰਪਿਤ ਗੀਤ ਤੇ ਕਵਿਤਾਵਾਂ ਪੜ੍ਹੀਆਂ। ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਮੁੱਖ ਕਲਾਕਾਰ ਕਮਲਪ੍ਰੀਤ ਪੰਧੇਰ ਨੇ ਸਟੇਜ ਸਕੱਤਰ ਦੀਆਂ ਸੇਵਾਵਾਂ ਬਾਖੂਬੀ ਨਿਭਾਈਆਂ ਅਤੇ ਨਾਰੀ ਦਿਵਸ ਸਬੰਧੀ ਬੋਲਦੇ ਹੋਏ ਕਿਹਾ ਸਾਨੂੰ ਔਰਤਾਂ ਦੇ ਹੱਕਾਂ ਬਾਰੇ ਵੱਡੇ-ਵੱਡੇ ਲੈਕਚਰ ਦੀ ਥਾਂ ਘਰਾਂ ਵਿੱਚ ਆਪਣੀਆਂ ਮਾਵਾਂ, ਭੈਣਾਂ, ਧੀਆਂ, ਪਤਨੀਆਂ ਨੂੰ ਆਦਰ ਸਤਿਕਾਰ ਦੇਣ ਦੇ ਨਾਲ਼-ਨਾਲ਼ ਘਰੇਲੂ ਕੰਮਾਂ ਵਿੱਚ ਉਨ੍ਹਾਂ ਦਾ ਸਹਿਯੋਗ ਕਰਨਾ ਚਾਹੀਦਾ ਹੈ। ਗਾਇਕ ਹਰਜੀਤ ਗਿੱਲ ਵਲੋਂ ਡਾ. ਸੁਰਿੰਦਰ ਧੰਜਲ ਦਾ ਗੀਤ 'ਜੇ ਤੇਰਾ ਦਿਲ ਪੱਥਰ ਦਾ ਹੈ, ਅੱਖ ਦਾ ਭਰਨਾ ਡੁੱਲਣਾ ਕੀ' ਸੁਰੀਲੀ ਆਵਾਜ ਵਿੱਚ ਪੇਸ਼ ਕੀਤਾ। ਮਾਸਟਰ ਭਜਨ ਸਿੰਘ ਨੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ ਦਰਸ਼ਕਾਂ ਨੂੰ ਇੱਕ ਵਾਰ ਫਿਰ ਭਾਰੀ ਹੁੰਗਾਰਾ ਦੇਣ ਦੇ ਨਾਲ਼-ਨਾਲ਼ ਮੀਡੀਆ ਅਦਾਰਿਆਂ ਦਾ ਧੰਨਵਾਦ ਕੀਤਾ। ਜੋ ਹਰੇਕ ਪ੍ਰੋਗਰਾਮ ਨੂੰ ਕਵਰ ਕਰਨ ਲਈ ਪੂਰਨ ਸਹਿਯੋਗ ਦਿੰਦੇ ਹਨ।ਅਨੀਤਾ ਸਬਦੀਸ਼ ਦਾ ਡਾ. ਧੰਜਲ, ਹਰਚਰਨ ਸਿੰਘ ਪਰਹਾਰ ਅਤੇ ਮਾਸਟਰ ਭਜਨ ਸਿੰਘ ਵਲੋਂ ਕਿਤਾਬਾਂ ਦਾ ਸੈਟ ਭੇਟ ਕਰਕੇ ਸਨਮਾਨ ਕੀਤਾ ਗਿਆ।ਇਸ ਮੌਕੇ ਤੇ ਪ੍ਰਬੰਧਕਾਂ ਦੀ ਅਪੀਲ ਤੇ ਦਰਸ਼ਕਾਂ ਨੇ ਅਨੀਤਾ ਸਬਦੀਸ਼ ਦੀ ਦਿਲ ਖੋਲ ਕੇ ਆਰਥਿਕ ਮੱਦਦ ਕੀਤੀ। ਇਸ ਮੌਕੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਵਲੰਟੀਅਰਜ਼ ਵਲੋਂ ਕਿਤਾਬਾਂ ਦਾ ਸਟਾਲ ਵੀ ਲਗਾਇਆ ਗਿਆ।


# ਓਸ਼ਨ ਵਿਊ ਫਿਸ਼ ਕੈਨਰੀ

## OCEAN VIEW FISH CANNERY

**ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।**

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



**604-594-0616**

# ਆਪ ਨੇ ਚੋਣਾਂ ਵਿਚ ਲੋਕਾਂ ਨੂੰ ਦਿੱਤੀਆਂ ਗਾਰੰਟੀਆਂ ਨੂੰ ਕੀਤਾ ਪੂਰਾ

## ਮੁੱਖ ਮੰਤਰੀ ਭਗਵੰਤ ਮਾਨ ਨੇ ਸਰਕਾਰ ਦੀ ਪਹਿਲੀ ਵਰ੍ਹੇਗੰਢ ਮੌਕੇ ਰੰਗਲਾ ਪੰਜਾਬ ਬਣਾਉਣ ਦਾ ਵਾਅਦਾ ਦੁਹਰਾਇਆ



ਚੰਡੀਗੜ੍ਹ-ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਦਾ ਇਕ ਸਾਲ ਪੂਰਾ ਹੋਣ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 'ਆਪ' ਵੱਲੋਂ ਚੋਣਾਂ ਦੌਰਾਨ ਲੋਕਾਂ ਨੂੰ ਜੋ ਗਾਰੰਟੀਆਂ ਦਿੱਤੀਆਂ ਸਨ, ਉਸ ਵਿੱਚੋਂ ਵਧੇਰੇ ਗਾਰੰਟੀਆਂ ਨੂੰ ਪਹਿਲੇ ਸਾਲ ਹੀ ਪੂਰਾ ਕਰ ਦਿੱਤਾ ਹੈ ਜਦੋਂ ਕਿ ਰਹਿੰਦੀਆਂ ਗਾਰੰਟੀਆਂ ਨੂੰ ਜਲਦ ਪੂਰਾ ਕਰ ਦਿੱਤਾ ਜਾਵੇਗਾ। ਇਹ ਗੱਲ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ 'ਚ 'ਆਪ' ਸਰਕਾਰ ਦੀ ਪਹਿਲੀ ਵਰ੍ਹੇਗੰਢ 'ਤੇ ਸੋਸ਼ਲ ਮੀਡੀਆ ਰਾਹੀਂ ਵੀਡੀਓ ਜਾਰੀ ਕਰ ਕੇ ਆਖੀ। ਉਨ੍ਹਾਂ ਕਿਹਾ ਕਿ ਹੋਰਨਾਂ ਸਿਆਸੀ ਧਿਰਾਂ ਅਗਲੀ ਵਾਰ ਸਰਕਾਰ ਬਣਾਉਣ ਦਾ ਟੀਚਾ ਰੱਖ ਕੇ ਕੰਮ ਕਰਦੀਆਂ ਹਨ ਪਰ 'ਆਪ' ਸਰਕਾਰ ਨੇ ਅਗਲੀ ਵਾਰ ਸਰਕਾਰ ਬਣਾਉਣ ਲਈ ਨਹੀਂ, ਸਗੋਂ ਅਗਲੀਆਂ ਪੀੜ੍ਹੀਆਂ ਦੀ ਖੁਸ਼ਹਾਲੀ ਲਈ ਕੰਮ ਕੀਤਾ ਹੈ। ਸ੍ਰੀ ਮਾਨ ਨੇ ਸੂਬੇ ਦੇ ਲੋਕਾਂ ਨੂੰ 'ਮੁੜ ਰੰਗਲਾ' ਪੰਜਾਬ ਬਣਾਉਣ ਦਾ ਵਾਅਦਾ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ 'ਚ ਪਹਿਲੀ ਦਫ਼ਾ ਅਜਿਹੀ ਸਰਕਾਰ ਬਣੀ, ਜਿਹੜੀ ਸੂਬੇ ਦੇ ਲੋਕਾਂ ਨਾਲ ਸਬੰਧਤ ਹੈ। ਇਹ ਸਰਕਾਰ ਨਾ ਤਾਂ ਬਾਦਲ ਦੀ ਹੈ ਅਤੇ ਨਾ ਹੀ ਕੈਪਟਨ ਦੀ, ਇਹ ਸਰਕਾਰ ਹਰ ਪੰਜਾਬੀ ਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਪੰਜਾਬ ਵਿਆਪਕ ਵਿਕਾਸ ਦਾ ਗਵਾਹ ਬਣਿਆ ਹੈ ਅਤੇ ਦੂਜੇ ਸਾਲ ਵਿੱਚ ਵੀ ਵਿਕਾਸ ਤੇ ਤਰੱਕੀ 'ਤੇ ਵੱਧ ਜ਼ੋਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ 'ਚ ਵਿਕਾਸ ਲਈ ਸਨਅਤਾਂ ਨੂੰ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਨਾਲ ਪੰਜਾਬ ਅਗਲੇ ਦਿਨਾਂ 'ਚ ਸਨਅਤੀ ਗੜ੍ਹ ਵਜੋਂ ਉੱਭਰੇਗਾ। ਇਸ ਨਾਲ ਵੱਡੀ ਗਿਣਤੀ 'ਚ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਇਸ ਤੋਂ ਇਲਾਵਾ ਸੂਬਾ ਸਰਕਾਰ ਵੱਲੋਂ ਨਸ਼ਿਆਂ ਦੀ ਜੜ੍ਹ ਵੱਢਣ ਲਈ ਆਗਾਮੀ ਦਿਨਾਂ ਵਿੱਚ ਮੁਹਿਮ ਵਿੱਢੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਕੰਮ ਕਰ ਰਹੀ ਹੈ, ਇਸ ਮੁਹਿਮ ਨੂੰ ਭਵਿੱਖ ਵਿੱਚ ਹੋਰ ਸਖਤੀ ਨਾਲ ਚਲਾਇਆ ਜਾਵੇਗਾ। ਸ੍ਰੀ ਮਾਨ ਨੇ ਕਿਹਾ ਕਿ 'ਆਪ' ਸਰਕਾਰ ਨੇ ਇਕ ਸਾਲ ਵਿੱਚ 26,797 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ। ਸੂਬਾ ਸਰਕਾਰ ਨੇ 14 ਹਜ਼ਾਰ ਕੱਚੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕੀਤਾ ਹੈ ਅਤੇ ਕੈਬਨਿਟ ਨੇ 14 ਹਜ਼ਾਰ ਹੋਰ ਮੁਲਾਜ਼ਮਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਲਈ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਹਿਲੀ ਜੁਲਾਈ 2022 ਤੋਂ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਦੇਣ ਦੀ ਗਾਰੰਟੀ ਪੂਰੀ ਕੀਤੀ ਹੈ। ਇਸ ਦੇ ਚੱਲਦਿਆਂ ਨਵੰਬਰ-ਦਸੰਬਰ 2022 'ਚ ਸੂਬੇ ਦੇ 87 ਫੀਸਦੀ ਘਰਾਂ ਦਾ ਬਿਜਲੀ ਬਿੱਲ ਜ਼ੀਰੋ ਆਇਆ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਕਿਸਾਨਾਂ ਨੂੰ ਕਣਕ ਤੇ ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਬਾਹਰ ਕੱਢਣ ਤੇ ਧਰਤੀ ਹੇਠਲਾ ਪਾਣੀ ਬਚਾਉਣ ਲਈ ਮੂੰਗੀ ਦੀ ਫਸਲ 'ਤੇ ਐੱਮਐੱਸਪੀ 7275 ਰੁਪਏ ਪ੍ਰਤੀ ਕੁਇੰਟਲ ਦਿੱਤੀ, ਜਿਸ ਨਾਲ ਕਿਸਾਨਾਂ ਨੂੰ 30 ਹਜ਼ਾਰ ਰੁਪਏ ਪ੍ਰਤੀ ਏਕੜ ਦੀ ਵਾਧੂ ਆਮਦਨ ਹੋਈ ਹੈ। ਦੂਜੇ ਪਾਸੇ ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਲਈ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੀ ਦਰ ਨਾਲ ਵਿੱਤੀ ਸਹਾਇਤਾ ਮੁਹੱਈਆ ਕਰਵਾਈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਗੰਨਾ ਉਤਪਾਦਕਾਂ ਦੇ ਪਿਛਲੇ ਸਾਲਾਂ ਦੇ ਲਟਕਦੇ ਸਾਰੇ ਬਕਾਏ ਦਾ ਭੁਗਤਾਨ ਕਰ ਦਿੱਤਾ ਹੈ। ਇਸ ਤੋਂ ਇਲਾਵਾ ਪੰਜਾਬ ਭਰ 'ਚ 500 ਤੋਂ ਵੱਧ ਆਮ ਆਦਮੀ ਕਲੀਨਿਕ ਖੋਲ੍ਹੇ ਹਨ ਜਿੱਥੇ ਹੁਣ ਤੱਕ 12 ਤੋਂ 15 ਲੱਖ ਮਰੀਜ਼ਾਂ ਨੂੰ ਲਾਭ ਮਿਲਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਲਈ 23 ਜ਼ਿਲ੍ਹਿਆਂ ਵਿੱਚ 117 ਸਕੂਲ ਆਫ ਐਮੀਨੈਂਸ ਸਥਾਪਤ ਕੀਤੇ ਗਏ ਹਨ। ਇਹ ਸਕੂਲ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਲਈ ਤਿਆਰ ਕਰਨਗੇ। ਸ੍ਰੀ ਮਾਨ ਨੇ ਕਿਹਾ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸੀਟ ਵੱਲੋਂ 7 ਹਜ਼ਾਰ ਪੰਨਿਆ ਦਾ ਚਾਲਾਨ ਅਦਾਲਤ ਵਿੱਚ ਪੇਸ਼ ਕਰ ਦਿੱਤਾ ਹੈ।

# ਸਾਬਕਾ ਖਾਲਿਸਤਾਨੀ ਆਗੂ ਜਸਵੰਤ ਸਿੰਘ ਠੇਕੇਦਾਰ ਵਲੋਂ ਮੋਦੀ ਦੇ ਕੰਮਾਂ ਦੀ ਸ਼ਲਾਘਾ

ਨਵੀਂ ਦਿੱਲੀ-ਦਲ ਖਾਲਸਾ ਦੇ ਸੰਸਥਾਪਕ ਅਤੇ ਸਾਬਕਾ ਖਾਲਿਸਤਾਨ ਪੱਖੀ ਆਗੂ ਜਸਵੰਤ ਸਿੰਘ ਠੇਕੇਦਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਦੇ ਸਿੱਖਾਂ ਲਈ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ ਹੈ। ਸ੍ਰੀ ਠੇਕੇਦਾਰ ਨੇ ਕਿਹਾ, 'ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖਾਂ ਅਤੇ ਸਿੱਖ ਧਰਮ ਲਈ ਬਹੁਤ ਕੁਝ ਕੀਤਾ ਹੈ। ਉਹ ਸਾਡੇ ਭਾਈਚਾਰੇ ਨੂੰ ਪਿਆਰ ਕਰਦੇ ਹਨ। ਉਨ੍ਹਾਂ ਨੇ ਬਹੁਤ ਕੁਝ ਕੀਤਾ ਹੈ। ਬਲੈਕਲਿਸਟਾਂ ਨੂੰ ਖਤਮ ਕੀਤਾ, ਕਰਤਾਰਪੁਰ ਲਾਂਘਾ ਖੋਲ੍ਹਿਆ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ 'ਚ ਕੌਮੀ ਵੀਰ ਬਾਲ ਦਿਵਸ ਮਨਾਉਣ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਵੱਲੋਂ ਰੱਖੀਆਂ ਪ੍ਰਮੁੱਖ ਮੰਗਾਂ ਨੂੰ ਪੂਰਾ ਕਰਨ ਲਈ ਕੰਮ ਕੀਤਾ ਹੈ। ਸਿਰਫ਼ ਕੁਝ ਮੰਗਾਂ ਹੀ ਪੂਰੀਆਂ ਹੋਣੀਆਂ ਬਾਕੀ ਹਨ। 23 ਫਰਵਰੀ ਨੂੰ ਅੰਮ੍ਰਿਤਸਰ ਦੇ ਅਜਨਾਲਾ ਵਿਖੇ ਪੁਲੀਸ ਨਾਲ ਝੜਪ ਤੋਂ ਬਾਅਦ ਸੁਰਖੀਆਂ ਵਿਚ ਆਏ ਖਾਲਿਸਤਾਨ ਪੱਖੀ ਆਗੂ ਅਤੇ 'ਪੰਜਾਬ ਵਾਰਿਸ ਦੇ' ਮੁਖੀ ਅੰਮ੍ਰਿਤਪਾਲ ਸਿੰਘ ਬਾਰੇ ਠੇਕੇਦਾਰ ਨੇ ਕਿਹਾ ਕਿ ਉਹ ਖਾਲਿਸਤਾਨ ਬਾਰੇ ਕੁਝ ਨਹੀਂ ਜਾਣਦਾ। ਉਨ੍ਹਾਂ ਕਿਹਾ ਕਿ ਉਹ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਨਹੀਂ ਹੋਵੇਗਾ। ਅੰਮ੍ਰਿਤਪਾਲ ਖਾਲਿਸਤਾਨੀ ਨਹੀਂ ਹੈ, ਉਸ ਨੂੰ ਇਸ ਬਾਰੇ ਕੁਝ ਨਹੀਂ ਪਤਾ ਪਰ ਉਸ ਨੇ ਖਾਲਿਸਤਾਨ ਦੇ ਨਾਂ 'ਤੇ ਬਹੁਤ ਪੈਸਾ ਜ਼ਰੂਰ ਕਮਾਇਆ ਹੈ। ਮੈਨੂੰ ਨਹੀਂ ਲੱਗਦਾ ਕਿ ਉਹ ਅੱਗੇ ਜਾ ਕੇ ਆਪਣੇ ਮਨਸੂਬਿਆਂ 'ਚ ਕਾਮਯਾਬ ਹੋਵੇਗਾ। ਭਾਰਤ ਵੱਲੋਂ ਪਾਬੰਦੀਸ਼ੁਦਾ ਜਥੇਬੰਦੀ ਵੱਲੋਂ ਕੁਝ ਪੱਛਮੀ ਦੇਸ਼ਾਂ ਵਿੱਚ ਖਾਲਿਸਤਾਨ ਰਾਇਸ਼ੁਮਾਰੀ ਦੀਆਂ ਕੋਸ਼ਿਸ਼ਾਂ ਨੂੰ 'ਪਾਖੰਡ' ਅਤੇ ਇਸ ਪਿੱਛੇ ਪਾਕਿਸਤਾਨ ਦੀ ਆਈਐੱਸਆਈ ਦਾ ਹੱਥ ਕਰਾਰ ਦਿੰਦਿਆਂ ਸ੍ਰੀ ਠੇਕੇਦਾਰ ਨੇ ਕਿਹਾ ਕਿ ਇਹ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਹੈ ਅਤੇ ਇਸ ਦਾ ਭਾਰਤੀ ਸਿੱਖਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

# ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਮਾਮਲੇ ਵਿਚ ਕੇਂਦਰ ਨੇ ਸੁਪਰੀਮ ਕੋਰਟ ਵਿਚ ਰਿਪੋਰਟ ਪੇਸ਼ ਕੀਤੀ

ਚੰਡੀਗੜ੍ਹ-ਕੇਂਦਰ ਸਰਕਾਰ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਦੇ ਮਾਮਲੇ 'ਤੇ ਪ੍ਰਗਤੀ ਰਿਪੋਰਟ ਸੁਪਰੀਮ ਕੋਰਟ 'ਚ ਪੇਸ਼ ਕਰ ਦਿੱਤੀ ਹੈ। ਹੁਣ ਸੁਪਰੀਮ ਕੋਰਟ 22 ਮਾਰਚ ਨੂੰ ਇਸ ਮਾਮਲੇ 'ਤੇ ਅਗਲਾ ਫ਼ੈਸਲਾ ਸੁਣਾ ਸਕਦੀ ਹੈ। ਕੇਂਦਰ ਸਰਕਾਰ ਵੱਲੋਂ ਲੰਘੇ ਕੱਲ੍ਹ ਸੁਪਰੀਮ ਕੋਰਟ 'ਚ ਦਾਇਰ ਹਲਫ਼ੀਆ ਬਿਆਨ 'ਚ ਇਸ ਵਿਵਾਦਿਤ ਮੁੱਦੇ ਸਬੰਧੀ ਦੋਵਾਂ ਸੂਬਿਆਂ ਵੱਲੋਂ ਗੱਲਬਾਤ ਦੇ ਰਾਹ ਖੁੱਲ੍ਹੇ ਰੱਖੇ ਜਾਣ ਦੀ ਗੱਲ ਵੀ ਕਹੀ ਗਈ ਹੈ। ਕੇਂਦਰ ਸਰਕਾਰ ਨੇ ਕਿਹਾ ਹੈ ਕਿ ਉਨ੍ਹਾਂ ਦੇ ਸੁਹਿਰਦ ਯਤਨ ਇਸ ਮੁੱਦੇ 'ਤੇ ਗੱਲਬਾਤ ਲਈ ਜਾਰੀ ਰਹਿਣਗੇ। ਵੇਰਵਿਆਂ ਅਨੁਸਾਰ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ 'ਚ ਪੇਸ਼ ਰਿਪੋਰਟ 'ਚ ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਵੱਲੋਂ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਕੀਤੀਆਂ ਮੀਟਿੰਗਾਂ ਦੇ ਸਿੱਟੇ ਤੋਂ ਜਾਣੂ ਕਰਾਇਆ ਹੈ। ਰਿਪੋਰਟ 'ਚ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ ਪੰਜਾਬ ਅਤੇ ਹਰਿਆਣਾ ਹੁਣ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਦੇ ਮਾਮਲੇ 'ਤੇ ਭਵਿੱਖ 'ਚ ਇਸ ਦੇ ਕਾਰਜਸ਼ੀਲ ਹੱਲ ਲਈ ਵਿਚਾਰ ਵਟਾਂਦਰੇ ਵਾਸਤੇ ਸਹਿਮਤ ਹੋ ਗਏ ਹਨ। ਚੇਤੇ ਰਹੇ ਕਿ ਸੁਪਰੀਮ ਕੋਰਟ ਨੇ 6 ਸਤੰਬਰ 2022 ਨੂੰ ਕੇਂਦਰੀ ਜਲ ਸ਼ਕਤੀ ਮੰਤਰਾਲੇ ਨੂੰ ਐੱਸਵਾਈਐੱਲ ਦੇ ਮਾਮਲੇ 'ਤੇ ਦੋਵਾਂ ਸੂਬਿਆਂ ਨਾਲ ਆਪਸੀ ਗੱਲਬਾਤ ਕਰਾਉਣ ਅਤੇ ਉਸ ਦੀ ਪ੍ਰਗਤੀ ਰਿਪੋਰਟ ਚਾਰ ਮਹੀਨਿਆਂ ਵਿਚ ਪੇਸ਼ ਕਰਨ ਦੀ ਹਦਾਇਤ ਕੀਤੀ ਸੀ। ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ 14 ਅਕਤੂਬਰ 2022 ਚੰਡੀਗੜ੍ਹ ਵਿੱਚ ਇਸ ਬਾਰੇ ਮੀਟਿੰਗ ਵੀ ਕੀਤੀ ਸੀ ਜੋ ਬੇਸਿੱਟਾ ਰਹੀ ਸੀ। ਇਸ ਮਗਰੋਂ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਦੀ ਪ੍ਰਧਾਨਗੀ ਹੇਠ 4 ਜਨਵਰੀ ਨੂੰ ਦਿੱਲੀ ਵਿੱਚ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਹੋਈ ਸੀ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM






# ਗੁਰੂ ਨਾਨਕ ਫੂਡ ਬੈਂਕ ਵਲੋਂ ਓਰੀਐਂਟੇਸ਼ਨ ਸੈਮੀਨਾਰ ਦਾ ਆਯੋਜਨ





ਸਰੀ-ਗੁਰੂ ਨਾਨਕ ਫੂਡ ਬੈਂਕ ਨੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਸਰੀ 15255 68 ਐਵੀਨਿਊ ਵਿਖੇ ਓਰੀਐਂਟੇਸ਼ਨ ਸੈਮੀਨਾਰਾਂ ਦੀ ਦੂਸਰੀ ਲੜੀ ਦਾ ਪ੍ਰਬੰਧ ਕੀਤਾ। ਸੂਚੀ ਵਿਚ ਜ਼ਿਕਰ ਕੀਤੇ ਗਏ ਵੱਖ ਵੱਖ ਸੈਮੀਨਾਰਾਂ ਦੇ ਵਿਸ਼ਿਆਂ ਵਿਚੋਂ ਮਾਨਸਿਕ ਸਿਹਤ ਅਤੇ ਨਸ਼ਾਖੋਰੀ ਅੱਜ ਦੇ ਮੁੱਖ ਮੁੱਦੇ ਸਨ। ਐਸਪੀਐਸ ਤੋਂ ਸਾਰਜੈਂਟ ਜੈਗਖੋਸਾ ਅਤੇ ਡਾ. ਮਨਦੀਪ ਮਿਨਹਾਸ ਐਮਡੀ ਮੁੱਖ ਬੁਲਾਰੇ ਸਨ ਜਿਨ੍ਹਾਂ ਨੇ ਆਪਣੇ ਨਿੱਜੀ ਤਜਰਬਿਆਂ ਅਤੇ ਗਿਆਨ ਨਾਲ ਉਪਰ ਜ਼ਿਕਰ ਕੀਤੇ ਵਿਸ਼ਿਆਂ ਬਾਰੇ ਦਰਸ਼ਕਾਂ ਨੂੰ ਸਿੱਖਿਅਤ ਕੀਤਾ। ਉਨ੍ਹਾਂ ਦੇ ਨਾਲ ਨਸ਼ਾ ਪੀੜਤ ਕੁਲਜਿੰਦਰ ਗਿੱਲ ਨੇ ਆਪਣੀ ਪਿਛਲੀ ਜਿੰਦਗੀ ਦੇ ਤਜਰਬੇ ਅਤੇ ਨਸ਼ਿਆਂ ਵਿਚ ਫਸਣ ਦੇ ਆਪਣੇ ਸਫਰ ਅਤੇ ਇਸ 'ਤੇ ਜਿੱਤ ਪਾਉਣ ਦੀ ਗੱਲ ਸਾਂਝੀ ਕੀਤੀ ਕਿ ਕਿਵੇਂ ਉਸ ਨੇ ਸਹੀ ਰਾਹ ਚੁਣਿਆਂ ਅਤੇ ਹੁਣ ਉਹ ਗੁਰੂ ਨਾਨਕ ਫੂਡ ਬੈਂਕ ਦਾ ਸਮਰਪਿਤ ਮੁਲਾਜ਼ਮ ਹੈ। ਸੈਮੀਨਾਰ ਵਿਚ 220-250 ਵਿਅਕਤੀ ਨਿੱਜੀ ਰੂਪ ਵਿਚ ਸ਼ਾਮਿਲ ਹੋਏ ਅਤੇ ਲਗਪਗ 500 ਲੋਕਾਂ ਨੇ ਵਾਇਆ ਫੇਸਬੁੱਕ ਅਤੇ ਜ਼ੂਮ ਮੀਟਿੰਗ ਰਾਹੀਂ ਇਸ ਨੂੰ ਸੁਣਿਆਂ ਜੋ ਕਿ ਸ਼ਲਾਘਾਯੋਗ ਹੈ। ਅਗਲੇ ਮਹੀਨੇ ਡੈਲਟਾ ਵਿਖੇ ਸੈਮੀਨਾਰ ਕਰਵਾਇਆ ਜਾਵੇਗਾ ਜਿਸ ਦੀ ਜਾਣਕਾਰੀ ਸਾਡੀ ਵੈੱਬਸਾਈਟ 'ਤੇ ਉਪਲਬਧ ਹੋਵੇਗੀ। ਫੂਡ ਬੈਂਕ ਦੇ ਫੋਨ ਨੰਬਰ 'ਤੇ ਕਾਲ ਕਰਕੇ ਵੀ ਜਾਣਕਾਰੀ ਲਈ ਜਾ ਸਕਦੀ ਹੈ ਅਤੇ ਸੈਮੀਨਾਰ ਦੀ ਵੀਡੀਓ ਯੂਟਿਊਬ 'ਤੇ ਲੱਭੀ ਜਾ ਸਕਦੀ ਹੈ।

# ਭਾਰਤੀ ਮੂਲ ਦੇ ਰਵੀ ਚੌਧਰੀ ਅਮਰੀਕੀ ਹਵਾਈ ਸੈਨਾ ਦੇ ਸਹਾਇਕ ਰੱਖਿਆ ਮੰਤਰੀ ਬਣੇ



ਵਾਸ਼ਿੰਗਟਨ-ਅਮਰੀਕਾ ਦੀ ਸੈਨੇਟ ਨੇ ਹਵਾਈ ਸੈਨਾ ਦੇ ਸਹਾਇਕ ਰੱਖਿਆ ਮੰਤਰੀ ਦੇ ਅਹੁਦੇ ਲਈ ਭਾਰਤੀ-ਅਮਰੀਕੀ ਇੰਜਨੀਅਰ ਰਵੀ ਚੌਧਰੀ ਦੇ ਨਾਂ 'ਤੇ ਮੋਹਰ ਲਗਾ ਦਿੱਤੀ ਹੈ। ਇਹ ਅਹੁਦਾ ਅਮਰੀਕੀ ਰੱਖਿਆ ਮੰਤਰਾਲੇ ਦੇ ਹੈੱਡਕੁਆਰਟਰ ਪੈਂਟਾਗਨ ਦੇ ਸਿਖਰਲੇ ਅਹੁਦਿਆਂ 'ਚੋਂ ਇੱਕ ਹੈ। ਸੈਨੇਟ ਨੇ ਬੀਤੇ ਦਿਨ 19 ਮੁਕਾਬਲੇ 65 ਵੋਟਾਂ ਨਾਲ ਸਾਬਕਾ ਹਵਾਈ ਸੈਨਾ ਅਧਿਕਾਰੀ ਰਵੀ ਚੌਧਰੀ ਦੀ ਨਾਮਜ਼ਦਗੀ ਦੀ ਪੁਸ਼ਟੀ ਕੀਤੀ। ਇਨ੍ਹਾਂ 65 ਵੋਟਾਂ 'ਚ ਵਿਰੋਧੀ ਧਿਰ ਰਿਪਬਲਿਕਨ ਪਾਰਟੀ ਦੀਆਂ 12 ਤੋਂ ਵੱਧ ਵੋਟਾਂ ਵੀ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਰਵੀ ਚੌਧਰੀ ਇਸ ਤੋਂ ਪਹਿਲਾਂ ਅਮਰੀਕੀ ਟਰਾਂਸਪੋਰਟ ਵਿਭਾਗ 'ਚ ਇੱਕ ਸੀਨੀਅਰ ਕਾਰਜਕਾਰੀ ਵਜੋਂ ਸੇਵਾਵਾਂ ਦੇ ਚੁੱਕੇ ਹਨ ਜਿੱਥੇ ਉਹ ਫੈਡਰਲ ਹਵਾਬਾਜ਼ੀ ਪ੍ਰਸ਼ਾਸਨ (ਐਫਏਏ) 'ਚ ਆਫਿਸ ਆਫ ਕਮਰਸ਼ੀਅਲ ਸਪੇਸ ਦੇ ਐਡਵਾਂਸਡ ਪ੍ਰੋਗਰਾਮਜ਼ ਐਂਡ ਇਨੋਵੇਸ਼ਨ ਦੇ ਡਾਇਰੈਕਟਰ ਸਨ। ਅਮਰੀਕੀ ਹਵਾਈ ਸੈਨਾ 'ਚ 1993 ਤੋਂ 2015 ਤੱਕ ਆਪਣੇ ਸੇਵਾਕਾਲ ਦੌਰਾਨ ਰਵੀ ਚੌਧਰੀ ਨੇ ਕਈ ਮੁਹਿੰਮਾਂ ਮੁਕੰਮਲ ਕੀਤੀਆਂ।







# ਸਰੀ ਵਿਚ ਨਾਮਵਰ ਸਾਹਿਤਕਾਰ ਗਿਆਨੀ ਗੁਰਦਿੱਤ ਸਿੰਘ ਦੇ ਸ਼ਤਾਬਦੀ ਜਨਮ ਦਿਨ 'ਤੇ ਵਿਸ਼ੇਸ਼ ਸਮਾਗਮ

**• ਸਿੱਖ ਚਿੰਤਕ ਜੈਤੇਗ ਸਿੰਘ ਅਨੰਤ ਨੇ ਪੁਸਤਕਾਂ ਦਾ ਸੈਂਟ ਸਿੰਘ ਸਭਾ ਗੁਰਦੁਆਰਾ ਦੇ ਪ੍ਰਬੰਧਕਾਂ ਨੂੰ ਸੌਂਪਿਆ • ਗਿਆਨੀ ਗੁਰਦਿੱਤ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਖੇ ਲਾਉਣ ਦਾ ਮਤਾ ਪਾਸ**












ਸਰੀ (ਹਰਦਮ ਮਾਨ)-ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਅਤੇ ਸਿੱਖ ਨੈਸ਼ਨਲ ਆਰਕਾਈਵਜ਼ ਆਫ਼ ਕੈਨੇਡਾ ਵੱਲੋਂ ਨਾਮਵਰ ਸਾਹਿਤਕਾਰ ਗਿਆਨੀ ਗੁਰਦਿੱਤ ਸਿੰਘ ਦੇ ਸ਼ਤਾਬਦੀ ਜਨਮ ਦਿਨ 'ਤੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਨਾਮਵਰ ਸਾਹਿਤਕਾਰ ਅਤੇ ਸਿੱਖ ਚਿੰਤਕ ਜੈਤੇਗ ਸਿੰਘ ਅਨੰਤ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਸਮਾਗਮ ਦਾ ਆਗਾਜ਼ ਕਰਦਿਆਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਜਸਵਿੰਦਰ ਸਿੰਘ ਖਹਿਰਾ ਨੇ ਸਭ ਨੂੰ ਜੀ ਆਇਆਂ ਕਿਹਾ। ਸਮਾਗਮ ਦੇ ਮੁੱਖ ਬੁਲਾਰੇ ਜੈਤੇਗ ਸਿੰਘ ਅਨੰਤ ਨੇ ਗਿਆਨੀ ਗੁਰਦਿੱਤ ਸਿੰਘ ਦੀ ਸ਼ਖ਼ਸੀਅਤ, ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਵਿਚ ਪਾਏ ਮਹਾਨ ਯੋਗਦਾਨ ਅਤੇ ਸਮਾਜਿਕ ਕਾਰਜਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਆਲਮੀ ਜਗਤ ਵਿਚ ਗਿਆਨੀ ਗੁਰਦਿੱਤ ਸਿੰਘ ਕਿਸੇ ਜਾਣ ਪਹਿਚਾਣ ਦੇ ਮੁਥਾਜ ਨਹੀਂ। ਉਹ ਇਕ ਬਹੁਪੱਖੀ, ਬਹੁਰੰਗੀ, ਬਹੁਪਰਤੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਨਾਮਵਰ ਵਿਦਵਾਨ, ਚਿੰਤਕ, ਸਫ਼ਲ ਵਾਰਤਾਕਾਰ, ਜੀਵਨੀਕਾਰ, ਨਿਬੰਧਕਾਰ, ਸਿਰਕੱਢ ਖੋਜੀ, ਇਤਿਹਾਸਕਾਰ, ਸੰਪਾਦਕ ਅਤੇ ਪੱਤਰਕਾਰ ਸਨ। ਉਹ ਗੁਰਮਤਿ ਅਚਾਰੀਆ, ਗੁਰਬਾਣੀ ਦੇ ਵਿਆਖਿਆਕਾਰ ਅਤੇ ਚੋਟੀ ਦੇ ਵਕਤਾ ਵੀ ਸਨ। 'ਮੇਰਾ ਪਿੰਡ' ਗਿਆਨੀ ਗੁਰਦਿੱਤ ਸਿੰਘ ਦੀ ਅਜੇਹੀ ਸ਼ਾਹਕਾਰ ਰਚਨਾ ਹੈ ਜਿਸ ਵਿੱਚ ਉਨ੍ਹਾਂ ਪੰਜਾਬ ਦੇ ਪਿੰਡਾਂ ਦਾ ਮੂੰਹ ਮੱਥਾ, ਨੈਣ-ਨਕਸ਼, ਵੱਡ ਵਡੇਰੇ, ਆਂਢ-ਗੁਆਂਢ, ਕੰਮ ਧੰਦੇ, ਸੰਤਾਂ ਸਾਧਾਂ ਦੀਆਂ ਬਾਤਾਂ, ਹਾੜ੍ਹਾਂ ਦੇ ਦੁਪਹਿਰੇ, ਸਿਆਲਾਂ ਦੀਆਂ ਧੂਣੀਆਂ, ਪਿੰਡ ਦੇ ਗਾਲੜੀ, ਤਿੱਥ ਤਿਉਹਾਰ, ਤੀਆਂ, ਤਰਿੰਞਣ ਨੂੰ ਬੜੇ ਕਲਾ ਲਈ ਤੇ ਖੂਬਸੂਰਤ ਢੰਗ ਨਾਲ ਪੇਸ਼ ਕੀਤਾ ਹੈ। ਉਹਨਾਂ ਕਿਹਾ ਕਿ ਗਿਆਨੀ ਗੁਰਦਿੱਤ ਸਿੰਘ ਸ਼ਬਦਾਂ ਦੇ ਜਾਦੂਗਰ ਸਨ ਅਤੇ ਜਿਸ ਖੂਬਸੂਰਤੀ ਨਾਲ ਉਨ੍ਹਾਂ ਨੇ ਹਰ ਵਿਸ਼ੇ ਪੇਸ਼ ਕੀਤਾ ਹੈ ਉਹਨਾਂ ਦੀ ਵਾਰਤਕ ਕਲਾ ਦਾ ਹੀ ਕਮਾਲ ਹੈ ਕਿ ਉਨ੍ਹਾਂ ਹਰ ਇਕ ਵਿਸ਼ੇ ਨੂੰ ਬੜੀ ਖੂਬਸੂਰਤੀ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਦੀ ਇਕ ਹੋਰ ਕਿਰਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਭਗਤ ਬਾਣੀ ਭਾਗ ਪਹਿਲਾ' ਹੈ ਜਿਸ ਵਿਚ ਬਾਣੀਕਾਰ ਭਗਤਾਂ ਦੇ ਜੀਵਨ ਅਤੇ ਰਚਨਾ ਬਾਰੇ ਜੋ ਸਮੱਗਰੀ ਇਕੱਤਰ ਕੀਤੀ ਗਈ ਹੈ ਉਹ ਕਿਸੇ ਪੰਜਾਬੀ ਪੁਸਤਕ ਵਿੱਚ ਨਹੀਂ ਮਿਲਦੀ। ਉਨ੍ਹਾਂ ਆਪਣੇ ਜੀਵਨ ਵਿਚ ਲਗਭਗ 100 ਦੇ ਕਰੀਬ ਪੁਸਤਕਾਂ, ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ। ਉਹ ਪੰਜਾਬੀ ਯੂਨੀਵਰਸਿਟੀ ਦੀ ਸੈਨੇਟ ਦੇ ਮੈਂਬਰ ਰਹੇ। 1977 ਵਿੱਚ ਪੰਜਾਬੀ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਫੈਲੋਸ਼ਿਪ ਪ੍ਰਦਾਨ ਕੀਤੀ ਗਈ। ਉਨ੍ਹਾਂ ਨੂੰ ਦੇਸ਼-ਵਿਦੇਸ਼ ਵਿਚ ਅਨੇਕਾਂ ਮਾਣ ਸਨਮਾਨ ਮਿਲੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਗੁਰਮਤਿ ਅਚਾਰੀਆ ਐਵਾਰਡ ਦਿੱਤਾ ਗਿਆ। ਉਨ੍ਹਾਂ ਦੀ ਪੁਸਤਕ 'ਮੇਰਾ ਪਿੰਡ' ਨੂੰ ਯੂਨੈਸਕੋ *(ਬਾਕੀ ਸਫ਼ਾ 13 'ਤੇ)*



OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty
"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com



Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS
plus BONUS* FREE LEGAL FEE & APPRAISAL
Superior Mortgage
Unit 244-8138-128 Street, Surrey
Our Symbol of Care & Service
604 507 1000





JOSAN REBAR & DAMPPROOFING LTD.
• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE
7 ਸਾਲ ਤੋਂ ਵੱਧ ਤਜਰਬਾ
- ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com

# ਹਰਕੀਰਤ ਕੌਰ ਚਾਹਲ ਦਾ ਨਾਵਲ ਅਤੇ ਮੋਹਨ ਗਿੱਲ ਦਾ ਕਾਵਿ ਸੰਗ੍ਰਹਿ ਰਿਲੀਜ਼ ਹੋਣਗੇ 19 ਮਾਰਚ ਨੂੰ







ਸਰੀ (ਹਰਦਮ ਮਾਨ)-ਐਤਵਾਰ 19 ਮਾਰਚ ਨੂੰ ਸਰੀ ਵਿਖੇ ਦੋ ਸਾਹਿਤਕ ਪ੍ਰੋਗਰਾਮ ਕਰਵਾਏ ਜਾ ਰਹੇ ਹਨ ਜਿਨ੍ਹਾਂ ਵਿਚ ਦੋ ਪੁਸਤਕਾਂ ਰਿਲੀਜ਼ ਕੀਤੀਆਂ ਜਾਣਗੀਆਂ। ਪਹਿਲਾ ਪ੍ਰੋਗਰਾਮ ਸਵੇਰੇ 11 ਵਜੇ ਅੰਪਾਇਰ ਬੈਂਕੁਇਟ ਹਾਲ, ਯੌਰਕ ਸੈਂਟਰ ਸਰੀ ਵਿਖੇ ਹੋਵੇਗਾ ਜਿਸ ਵਿਚ ਪ੍ਰਸਿੱਧ ਲੇਖਿਕਾ ਹਰਕੀਰਤ ਕੌਰ ਚਾਹਲ ਦਾ ਨਾਵਲ 'ਚੰਨਣ ਰੁੱਖ' ਰਿਲੀਜ਼ ਕੀਤਾ ਜਾਵੇਗਾ। ਦੂਜਾ ਸਾਹਿਤਕ ਪ੍ਰੋਗਰਾਮ ਵੈਨਕੂਵਰ ਵਿਚਾਰ ਮੰਚ ਵੱਲੋਂ ਕਰਵਾਇਆ ਜਾ ਰਿਹਾ ਹੈ ਜੋ ਬਾਅਦ ਦੁਪਿਹਰ 1.30 ਵਜੇ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ, ਸਰੀ ਵਿਖੇ ਹੋਵੇਗਾ। ਇਸ ਸਮਾਗਮ ਵਿੱਚ ਪ੍ਰਸਿਧ ਸ਼ਾਇਰ ਮੋਹਨ ਗਿੱਲ ਦਾ ਕਾਵਿ ਸੰਗ੍ਰਹਿ 'ਪਵਣ' ਲੋਕ ਅਰਪਣ ਕੀਤਾ ਜਾਵੇਗਾ ਅਤੇ ਉਸ ਉਪਰ ਵਿਚਾਰ ਚਰਚਾ ਹੋਵੇਗੀ। ਹਰਕੀਰਤ ਕੌਰ ਚਾਹਲ ਅਤੇ ਮੋਹਨ ਗਿੱਲ ਵੱਲੋਂ ਇਨ੍ਹਾਂ ਦੋਹਾਂ ਸਾਹਿਤਕ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਲਈ ਸਮੂਹ ਸਾਹਿਤ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।

# ਉੱਘੇ ਫ਼ਿਲਮੀ ਤੇ ਟੀਵੀ ਕਲਾਕਾਰ ਸਮੀਰ ਖੱਖੜ ਦਾ ਦੇਹਾਂਤ



ਮੁੰਬਈ-'ਨੁੱਕੜ' ਅਤੇ 'ਸਰਕਸ' ਜਿਹੇ ਉੱਘੇ ਟੀਵੀ ਲੜੀਵਾਰਾਂ 'ਚ ਆਪਣੀਆਂ ਯਾਦਗਾਰ ਭੂਮਿਕਾਵਾਂ ਲਈ ਜਾਣੇ ਜਾਂਦੇ ਸਮੀਰ ਖੱਖੜ (71) ਦਾ ਇਥੋਂ ਦੇ ਹਸਪਤਾਲ 'ਚ ਦੇਹਾਂਤ ਹੋ ਗਿਆ। 'ਨੁੱਕੜ' 'ਚ ਖੋਪੜੀ ਦੇ ਕਿਰਦਾਰ ਲਈ ਨਿਭਾਈ ਭੂਮਿਕਾ ਲਈ ਉਨ੍ਹਾਂ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ। ਉਨ੍ਹਾਂ ਦਾ ਬੋਰੀਵਲੀ ਦੇ ਸ਼ਮਸ਼ਾਨਘਾਟ 'ਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੇ ਭਰਾ ਗਣੇਸ਼ ਖੱਖੜ ਨੇ ਦੱਸਿਆ ਕਿ ਸਮੀਰ ਦੇ ਕਈ ਸ਼ਰੀਰਕ ਅੰਗਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ। ਸਾਹ ਦੀ ਤਕਲੀਫ਼ ਕਾਰਨ ਉਨ੍ਹਾਂ ਨੂੰ ਮੰਗਲਵਾਰ ਸਵੇਰੇ ਬੋਰੀਵਲੀ ਦੇ ਐੱਮ ਐੱਮ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ। ਗਣੇਸ਼ ਨੇ ਦੱਸਿਆ ਕਿ ਸਮੀਰ ਨੇ ਅੱਜ ਸਵੇਰੇ ਸਾਢੇ ਚਾਰ ਵਜੇ ਦਮ ਤੋੜਿਆ। ਸਮੀਰ ਨੇ ਮਸ਼ਹੂਰ ਲੜੀਵਾਰ 'ਸ੍ਰੀਮਾਨ ਸ੍ਰੀਮਤੀ' 'ਚ ਵੀ ਕੰਮ ਕੀਤਾ ਸੀ। ਉਨ੍ਹਾਂ ਫਿਲਮਾਂ 'ਪਰਿੰਦਾ', ਸਲਮਾਨ ਖ਼ਾਨ ਦੀ 'ਜੈ ਹੋ', ਸਿਧਾਰਥ ਮਲਹੋਤਰਾ ਤੇ ਪਰਿਨੀਤੀ ਚੋਪੜਾ ਦੀ 'ਹਸੀ ਤੋਂ ਫਸੀ', ਸੁਧੀਰ ਮਿਸ਼ਰਾ ਨਿਰਦੇਸ਼ਿਤ 'ਸੀਰੀਅਸ ਮੈੱਨ' ਅਤੇ ਵਿਕਾਸ ਬਹਿਲ ਦੀ ਵੈੱਬ ਸੀਰੀਜ਼ 'ਸਨਫਲਾਵਰ' 'ਚ ਅਹਿਮ ਭੂਮਿਕਾ ਨਿਭਾਈ।

# ਮੋਟਰਸਾਈਕਲ ਸਵਾਰਾਂ ਵਲੋਂ ਗੋਲੀਬਾਰੀ ਦੌਰਾਨ 6 ਸਾਲਾ ਬੱਚੇ ਦੀ ਮੌਤ

ਮਾਨਸਾ-ਇਥੋਂ ਨੇੜਲੇ ਪਿੰਡ ਕੋਟਲੀ ਕਲਾਂ ਵਿੱਚ ਛੇ ਸਾਲਾਂ ਦੇ ਬੱਚੇ ਹਰਉਦੈਵੀਰ ਸਿੰਘ ਦੀ ਬੁਲੇਟ ਮੋਟਰਸਾਈਕਲ ਸਵਾਰ ਦੋ ਜਣਿਆ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਮਾਨਸਾ ਦੇ ਡੀਐੱਸਪੀ ਸੰਜੀਵ ਗੋਇਲ ਨੇ ਦੱਸਿਆ ਕਿ ਰਾਤ 10 ਵਜੇ ਕੋਟਲੀ ਕਲਾਂ ਦੇ ਜਸਪ੍ਰੀਤ ਸਿੰਘ ਆਪਣੇ ਪੁੱਤਰ ਹਰਉਦੈਵੀਰ ਸਿੰਘ (6) ਅਤੇ ਬੇਟੀ ਨਵਸੀਰਤ ਕੌਰ ਨਾਲ ਗਲੀ 'ਚੋਂ ਲੰਘਕੇ ਆਪਣੇ ਘਰ ਜਾ ਰਹੇ ਸਨ ਕਿ ਅਚਾਨਕ ਹੀ ਦੋ ਜਣੇ ਬੁਲੇਟ ਮੋਟਰਸਾਈਕਲ ਉਤੇ ਆਏ ਅਤੇ ਗੋਲੀਆਂ ਚਲਾ ਦਿੱਤੀਆਂ। ਉਨ੍ਹਾਂ ਦੱਸਿਆ ਕਿ ਗੋਲੀਆਂ ਚਲਾਉਣ ਦੌਰਾਨ ਬੱਚੇ ਹਰਉਦੈਵੀਰ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ, ? ਉਸ ਨੂੰ ਮਾਨਸਾ ਦੇ ਸਿਵਲ ਹਸਪਤਾਲ ਲਿਆਂਦਾ ਗਿਆ, ਜਿਥੇ ਡਾਕਟਰਾਂ ਦੀ ਟੀਮ ਨੇ ਉਸ ਨੂੰ ?ਮਿ੍ਰਤਕ ਐਲਾਨ ਦਿੱਤਾ। ਗੋਲੀਆਂ ਨਾਲ ਬੇਟੀ ਨਵਸੀਰਤ ਕੌਰ ਵੀ ਜ਼ਖ਼ਮੀ ਹੋਈ ਹੈ ਪਰ ਉਸ ਦੀ ਹਾਲਤ ਫਿਲਹਾਲ ਬਿਲਕੁਲ ਠੀਕ ਦੱਸੀ ਜਾਂਦੀ ਹੈ। ਪੁਲੀਸ ਅਨੁਸਾਰ ਜਾਪਦਾ ਹੈ ਕਿ ਗੋਲੀਆਂ ਜਸਪ੍ਰੀਤ ਸਿੰਘ ਉਤੇ ਚਲਾਈਆਂ ਹੋ ਸਕਦੀਆਂ ਹਨ ਪਰ ਉਸ ਦਾ ਸ਼ਿਕਾਰ ਛੇ ਸਾਲਾਂ ਮਾਸੂਮ ਹੋ ਗਿਆ ਹੈ। ਪੁਲੀਸ ਵੱਲੋਂ ਮਾਮਲਾ ਦਰਜ ਕਰਨ ਤੋਂ ਬਾਅਦ ਇਲਾਕੇ ਵਿੱਚ ਨਾਕੇਬੰਦੀ ਤੇਜ਼ ਕਰ ਦਿੱਤੀ ਹੈ।

# ਸਰੀ ਵਿਚ ਨਾਮਵਰ ਸਾਹਿਤਕਾਰ ਗਿਆਨੀ ਗੁਰਦਿੱਤ ਸਿੰਘ ਦੇ ਸ਼ਤਾਬਦੀ ਜਨਮ ਦਿਨ 'ਤੇ ਵਿਸ਼ੇਸ਼ ਸਮਾਗਮ

ਸਫ਼ਾ 12 ਦੀ ਬਾਕੀ

ਐਵਾਰਡ ਪ੍ਰਾਪਤ ਹੋਇਆ। ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਸਾਹਿਤਕਾਰ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਗਿਆਨੀ ਗੁਰਦਿੱਤ ਸਿੰਘ ਬਾਰੇ ਬੋਲਦਿਆਂ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਫਾਊਂਡਰ ਪ੍ਰਧਾਨ ਗਿਆਨ ਸਿੰਘ ਸੰਧੂ ਨੇ ਕਿਹਾ ਕਿ ਹੈ ਗਿਆਨੀ ਗੁਰਦਿੱਤ ਸਿੰਘ ਸਿੱਖ ਕੌਮ ਦੀਆਂ ਵਿਰਲਿਆਂ ਸ਼ਖਸੀਅਤਾਂ ਵਿੱਚੋਂ ਇਕ ਸਨ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਸਿੱਖ ਇਤਿਹਾਸ, ਸਾਹਿਤ ਅਤੇ ਖੋਜ ਕਾਰਜਾਂ ਵਿੱਚ ਲਾਇਆ। ਉਨ੍ਹਾਂ ਦੀ ਪੁਸਤਕ 'ਮੇਰਾ ਪਿੰਡ' ਏਨੀ ਮਕਬੂਲ ਰਚਨਾ ਹੈ ਕਿ ਹੁਣ ਤੱਕ ਇਸ ਦੇ 17 ਐਡੀਸ਼ਨ ਛਪ ਚੁੱਕੇ ਹਨ। ਇਸ ਮੌਕੇ ਜੈਤੇਗ ਸਿੰਘ ਅਨੰਤ ਵੱਲੋਂ ਤਿਆਰ ਕੀਤਾ ਗਿਆ ਸਲਾਈਡ ਸ਼ੋਅ ਦਿਖਾਇਆ ਗਿਆ ਅਤੇ ਗਿਆਨ ਸਿੰਘ ਸੰਧੂ ਨੇ ਇਸ ਸ਼ੋਅ ਦੀ ਹਰ ਇਕ ਸਲਾਈਡ ਬਾਰੇ ਵਿਸਥਾਰ ਵਿੱਚ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾਂ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਦਾ ਇਸ ਸਮਾਗਮ ਲਈ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਮਹਾਨ ਸਾਹਿਤਕਾਰਾਂ, ਵਿਦਵਾਨਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਦੀ ਯਾਦ ਵਿਚ ਸਮਾਗਮ ਕਰਵਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਆਪਣੇ ਮਹਾਨ ਵਿਰਸੇ ਬਾਰੇ ਜਾਣ ਸਕੇ। ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨੇ ਵੀ ਗਿਆਨੀ ਗੁਰਦਿੱਤ ਸਿੰਘ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਅਤੇ ਸਿੱਖ ਇਤਿਹਾਸ ਵਿਚ ਪਾਏ ਰਚਨਾਤਮਿਕ ਯੋਗਦਾਨ ਨੂੰ ਸਿਜਦਾ ਕੀਤਾ। ਸਿੱਖ ਨੈਸ਼ਨਲ ਆਰਕਾਈਵ ਆਫ ਕੈਨੇਡਾ ਦੇ ਬੁਲਾਰੇ ਅਜੀਤ ਸਿੰਘ ਸਹੋਤਾ ਨੇ ਜੈਤੇਗ ਸਿੰਘ ਅਨੰਤ ਵੱਲੋਂ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਜੈਤੇਗ ਸਿੰਘ ਅਨੰਤ ਨੇ ਆਪਣੀਆਂ ਅਤੇ ਗਿਆਨੀ ਗੁਰਦਿੱਤ ਸਿੰਘ ਦੀਆਂ ਪੁਸਤਕਾਂ ਦਾ ਇਕ ਸੈੱਟ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਬੰਧਕਾਂ ਨੂੰ ਸੌਂਪਿਆ। ਸਿੱਖ ਨੈਸ਼ਨਲ ਆਰਕਾਈਵ ਆਫ ਕੈਨੇਡਾ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵੱਲੋਂ ਜੈਤੇਗ ਸਿੰਘ ਅਨੰਤ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਦਿੱਤਾ ਗਿਆ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ। ਅੰਤ ਵਿਚ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਸਵਿੰਦਰ ਸਿੰਘ ਖਹਿਰਾ ਵੱਲੋਂ ਪੇਸ਼ ਕੀਤੇ ਇਕ ਮਤੇ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਤੋਂ ਮੰਗ ਕੀਤੀ ਗਈ ਕਿ ਗਿਆਨੀ ਗੁਰਦਿੱਤ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਕੀਤੀ ਜਾਵੇ। ਸਾਰੀ ਸੰਗਤ ਨੇ ਜੈਕਾਰਾ ਛੱਡ ਕੇ ਇਸ ਮਤੇ ਨੂੰ ਪ੍ਰਵਾਨਗੀ ਦਿੱਤੀ। ਜਸਵਿੰਦਰ ਸਿੰਘ ਖਹਿਰਾ ਨੇ ਇਸ ਸਮਾਗਮ ਵਿੱਚ ਸ਼ਾਮਲ ਹੋਏ ਸਭਨਾਂ ਵਿਦਵਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

ਬੀ ਸੀ ਸਰਕਾਰ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਰਹੀ ਹੈ।

**ਰਲ਼ ਕੇ ਅਸੀਂ ਹੋਰ ਮਜ਼ਬੂਤ ਬੀ.ਸੀ. (StrongerBC) ਦੇ ਨਿਰਮਾਣ ਲਈ ਕੰਮ ਕਰ ਰਹੇ ਹਾਂ।**

ਬੱਜਟ 2023 ਵਿੱਚ ਲੋਕਾਂ ਦੀ ਸਹਾਇਤਾ ਲਈ ਨਵੇਂ ਨਿਵੇਸ਼ ਸ਼ਾਮਲ ਹਨ:

- ਲੋੜੀਂਦੇ ਡਾਕਟਰਾਂ ਅਤੇ ਨਰਸਾਂ ਨੂੰ ਸਿਖਲਾਈ ਦੇ ਕੇ ਅਤੇ ਉਹਨਾਂ ਨੂੰ ਕੰਮ 'ਤੇ ਬਰਕਰਾਰ ਰੱਖ ਕੇ ਸਿਹਤ ਸੰਭਾਲ ਤੱਕ ਪਹੁੰਚ ਵਿੱਚ ਸੁਧਾਰ ਕਰਨਾ
- ਕਿਰਾਏਦਾਰਾਂ, ਬਜ਼ੁਰਗਾਂ, ਵਿਦਿਆਰਥੀਆਂ ਅਤੇ ਮੱਧ-ਆਮਦਨ ਵਾਲੇ ਪਰਿਵਾਰਾਂ ਲਈ ਹੋਰ ਘਰਾਂ ਦਾ ਨਿਰਮਾਣ ਕਰਨਾ
- ਨਵੇਂ ਗਰੈਜੂਏਟ ਹੋਏ ਅਤੇ ਨੌਕਰੀਆਂ ਬਦਲਣ ਵਾਲੇ ਲੋਕਾਂ ਲਈ ਸਿਖਲਾਈ ਦੇ ਮੌਕਿਆਂ ਦਾ ਵਿਸਤਾਰ ਕਰਨਾ

ਜਾਣੋ ਕਿ ਅਸੀਂ ਤੁਹਾਡੇ ਲਈ ਕਿਵੇਂ ਕੰਮ ਕਰ ਰਹੇ ਹਾਂ।



> StrongerBC.ca 'ਤੇ ਹੋਰ ਜਾਣੋ।

British Columbia StrongerBC


NOW OPEN
Sachkhand Travels Pvt Ltd
AIR TICKETS
HOLIDAY PACKAGES
FOREIGN EXCHANGE
27 Years INDUSTRY EXPERIENCE
NOW OPENED IN SURREY
SUITE 343, 9850 KING GEORGE
SURREY, BC, CANADA
Email : jaideep@sachkhandtravels.com
EXCLUSIVE DISCOUNTS FOR FLIGHTS
Sachkhand Travels Pvt Ltd
India 2 Offices: +91 11 4505 2828
Mob.: +91- 98116 97488
Sachkhand Travels Ltd
Canada: +1 778 965 2828
+1 778 955 2828
CONSUMER PROTECTION BC
IATA
Since 1997 India


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਪਿਕਸ ਦਾ ਸਮਾਜਿਕ ਖੇਤਰ ਵਿਚ ਯੋਗਦਾਨ ਨਿਵੇਕਲਾ-ਪਦਮਸ੍ਰੀ ਪ੍ਰਗਟ ਸਿੰਘ

## ਸਾਬਕਾ ਮੰਤਰੀ ਪੰਜਾਬ ਤੇ ਵਿਧਾਇਕ ਪ੍ਰਗਟ ਸਿੰਘ ਦਾ ਸਰੀ ਸਥਿਤ ਪਿਕਸ ਵਿਖੇ ਪੁੱਜਣ 'ਤੇ ਭਰਵਾਂ ਸਵਾਗਤ

ਸਰੀ (ਸ. ਸ. ਚੋਹਲਾ)-ਸਾਬਕਾ ਮੰਤਰੀ ਪੰਜਾਬ ਤੇ ਜਲੰਧਰ ਕੈਂਟ ਤੋ ਵਿਧਾਇਕ, ਉਲੰਪੀਅਨ ਪਦਮਸ੍ਰੀ ਪ੍ਰਗਟ ਸਿੰਘ ਨੇ ਇਮੀਗ੍ਰਾਂਟਸ, ਨੌਜਵਾਨਾਂ ਤੇ ਬਜੁਰਗਾਂ ਦੀ ਭਲਾਈ ਲਈ ਕੰਮ ਕਰਦੀ ਕੈਨੇਡਾ ਦੀ ਮੋਹਰੀ ਸੰਸਥਾ ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸ ਸੁਸਾਇਟੀ ( ਪਿਕਸ) ਦਾ ਵਿਸ਼ੇਸ਼ ਦੌਰਾ ਕੀਤਾ। ਇਸ ਮੌਕੇ ਪਿਕਸ ਦੇ ਸੀਈਓ ਸ ਸਤਿਬੀਰ ਸਿੰਘ ਚੀਮਾ, ਸੁਸਾਇਟੀ ਦੇ ਚੇਅਰਮੈਨ ਸ ਤਰਲੋਚਨ ਸਿੰਘ ਸੰਧੂ ਤੇ ਬੋਰਡ ਮੈਂਬਰ ਡਾ ਟੀਨਾ ਪੁਰੇਵਾਲ ਨੇ ਉਹਨਾਂ ਦਾ ਭਰਵਾਂ ਸਵਾਗਤ ਕੀਤਾ। ਇਸ ਮੌਕੇ ਸ ਸਤਿਬੀਰ ਸਿੰਘ ਚੀਮਾ ਨੇ ਪਿਕਸ ਵਲੋਂ ਕੀਤੇ ਜਾ ਰਹੇ ਕਾਰਜਾਂ, ਪ੍ਰੋਗਰਾਮਾਂ ਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੰਦਿਆਂ ਕਮਿਊਨਿਟੀ ਵਲੋਂ ਦਿੱਤੇ ਜਾ ਰਹੇ ਸਹਿਯੋਗ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਹਨਾਂ ਦੱਸਿਆ ਕਿ ਪਿਕਸ ਵਲੋਂ ਉਸਾਰੇ ਜਾ ਰਹੇ ਗੁਰੂ ਨਾਨਕ ਵਿਲੇਜ ਲਈ ਭਾਈਚਾਰੇ ਦੇ ਲੋਕਾਂ ਵਲੋਂ ਦਿਲ ਖੋਹਲ ਕੇ ਦਾਨ ਦਿੱਤਾ ਗਿਆ ਹੈ। ਕਮਿਊਨਿਟੀ ਤੇ ਸਰਕਾਰ ਦੇ ਸਹਿਯੋਗ ਨਾਲ ਬਜੁਰਗਾਂ ਦੀ ਸਾਂਭ ਸੰਭਾਲ ਲਈ ਇਸ ਵੱਡੇ ਪ੍ਰਾਜੈਕਟ ਦਾ ਜਲਦ ਹੀ ਨਿਰਮਾਣ ਸ਼ੁਰੂ ਕੀਤਾ ਜਾ ਰਿਹਾ ਹੈ। ਉਹਨਾਂ ਪਿਕਸ ਦੇ ਤਜੁਰਬੇਕਾਰ ਸਟਾਫ ਦੁਆਰਾ ਨਵੇਂ ਇਮੀਗ੍ਰਾਂਟਸ ਦੀ ਸਹਾਇਤਾ ਲਈ ਚਲਾਏ ਜਾ ਰਹੇ ਪ੍ਰੋਗਰਾਮਾਂ ਤੋਂ ਇਲਾਵਾ ਰੋਜ਼ਗਾਰ ਦੀ ਭਾਲ ਵਿਚ ਸਹਾਇਤਾ ਅਤੇ ਉਹਨਾਂ ਨੂੰ ਟਰੇਡ ਵਿਚ ਮੁਹਾਰਤ ਵਾਸਤੇ ਸਿਖਲਾਈ ਦਿੱਤੇ ਜਾਣ ਅਤੇ ਸਰਕਾਰ ਵਲੋਂ ਮਾਈਕ ਸਹਾਇਤਾ








# TSM GALLERY

High quality artwork for your home or business, religious or public places.
We specialize in all kind of wallpaper installation.

**Tejpal Singh Mann (Artist)**
**778-885-2197**

Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .

**9353 120st Delta BC (By Appointment)**
**www.tsmgallery.ca | www.jollyarts.ca**



SUNNY SANGHA • PERSONAL REAL ESTATE CORPORATION

### 14317 31A AVENUE, SURREY




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

### #92 15111 EDMUND DRIVE



Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhouse features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

### UNIT 2808 13615 FRASER HWY




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

### LOT B 20444 46A AVENUE, LANGLEY




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

### LOT A 33734 MAYFAIR AVENUE, SURREY

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com



ਦਿੱਤੇ ਜਾਣ ਬਾਰੇ ਵੀ ਜਾਣਕਾਰੀ ਦਿੱਤੀ। ਉਹਨਾਂ ਹੋਰ ਦੱਸਿਆ ਕਿ ਪਿਕਸ ਦੁਆਰਾ ਪ੍ਰੋਫੈਸ਼ਨਲ ਲੋਕਾਂ ਜਿਵੇਂ ਡਾਕਟਰ ਅਤੇ ਨਰਸਾਂ ਦੇ ਕਰੀਡੈਂਸ਼ੀਅਲ ਦੀ ਮਾਨਤਾ ਦਿਵਾਉਣ ਲਈ ਵੀ ਸਹਾਇਤਾ ਦਿੱਤੀ ਜਾਂਦੀ ਹੈ। ਪਿਕਸ ਦੀ ਮੀਡੀਆ ਅਫਸਰ ਗਗਨਦੀਪ ਬੱਲ ਨੇ ਸ ਪ੍ਰਗਟ ਸਿੰਘ ਦਾ ਪਿਕਸ ਵਿਚ ਕਾਰਜਸ਼ੀਲ ਵੱਖ ਵੱਖ ਵਿਭਾਗਾਂ ਦਾ ਟੂਰ ਕਰਵਾਇਆ ਗਿਆ ਤੇ ਸਟਾਫ ਨਾਲ ਜਾਣ ਪਹਿਚਾਣ ਕਰਵਾਈ। ਇਸ ਉਪਰੰਤ ਬਜੁਰਗਾਂ ਦੀ ਸਾਂਭ ਸੰਭਾਲ ਲਈ ਚਲਾਏ ਜਾ ਰਹੇ ਸੈਂਟਰ ਦਾ ਦੌਰਾ ਕੀਤਾ ਗਿਆ ਜਿਥੇ ਡਾਇਰੈਕਟਰ ਇੰਦਰਜੀਤ ਸਿੰਘ ਹੁੰਦਲ ਨੇ ਉਹਨਾਂ ਦਾ ਸਵਾਗਤ ਕੀਤਾ। ਸ ਪ੍ਰਗਟ ਸਿੰਘ ਨੇ ਪਿਕਸ ਵਲੋਂ ਕੀਤੇ ਜਾ ਰਹੇ ਕਾਰਜਾਂ ਤੇ ਪ੍ਰਭਾਵਿਤ ਹੁੰਦਿਆਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਭਾਈਚਾਰੇ ਦੀ ਅਗਵਾਈ ਤੇ ਸ਼ਮੂਲੀਅਤ ਵਾਲੀ ਇਕ ਸੁਸਾਇਟੀ ਵਲੋਂ ਅਜਿਹੇ ਕਾਰਜ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਉਹ ਦੁਨੀਆ ਦੇ ਬਹੁਤ ਮੁਲਕਾਂ ਵਿਚ ਘੁੰਮੇ ਹਨ ਪਰ ਸਮਾਜਿਕ ਖੇਤਰ ਵਿਚ ਪਿਕਸ ਦਾ ਯੋਗਦਾਨ ਨਿਵੇਕਲਾ ਹੈ। ਉਹਨਾਂ ਪਿਕਸ ਦੇ ਸਫਲ ਕਾਰਜਾਂ ਤੇ ਸਮਾਜ ਪ੍ਰਤੀ ਯੋਗਦਾਨ ਲਈ ਪਿਕਸ ਦੇ ਪ੍ਰਬੰਧਕਾਂ ਤੇ ਸਟਾਫ ਦਾ ਵਿਸ਼ੇਸ਼ ਧੰਨਵਾਦ ਕੀਤਾ।






# 700 ਤੋਂ ਉਪਰ ਕੌਮਾਂਤਰੀ ਪੰਜਾਬੀ ਵਿਦਿਆਰਥੀਆਂ ਉਪਰ ਡਿਪੋਰਟ ਹੋਣ ਦੀ ਤਲਵਾਰ ਲਟਕੀ

ਵੈਨਕੂਵਰ (ਹਰਦਮ ਮਾਨ)-ਓਨਟਾਰੀਓ ਦੇ ਇਕ ਕਾਲਜ ਵਿੱਚ ਦਾਖਲੇ ਦੇ ਆਧਾਰ 'ਤੇ ਵੀਜ਼ੇ ਲੈ ਕੇ ਪੁੱਜੇ ਸੈਂਕੜੇ ਪੰਜਾਬੀ ਵਿਦਿਆਰਥੀਆਂ ਵੱਲੋਂ ਵਰਤੇ ਗਏ ਦਸਤਾਵੇਜ਼ ਜਾਅਲੀ ਸਾਬਤ ਹੋਣ ਮਗਰੋਂ ਸਰਹੱਦੀ ਸੇਵਾਵਾਂ ਵਿਭਾਗ (ਸੀਬੀਐੱਸਏ) ਨੇ ਉਨ੍ਹਾਂ ਦੇ ਦੇਸ਼ ਨਿਕਾਲੇ ਦੀ ਤਿਆਰੀ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ 722 ਵਿਦਿਆਰਥੀਆਂ ਵਿੱਚੋਂ ਬਹੁਗਿਣਤੀ ਉਹ ਵਿਦਿਆਰਥੀ ਹਨ ਜਿਨ੍ਹਾਂ ਨੂੰ ਜਲੰਧਰ ਦੇ ਇੱਕ ਏਜੰਟ ਨੇ ਭੇਜਿਆ ਸੀ ਤੇ ਉਹ ਤਿੰਨ-ਚਾਰ ਸਾਲ ਤੋਂ ਕੈਨੇਡਾ ਰਹਿ ਰਹੇ ਸਨ। ਇਹ ਜਾਅਲਸਾਜ਼ੀ ਉਦੋਂ ਸਾਹਮਣੇ ਆਈ, ਜਦੋਂ ਇਨ੍ਹਾਂ ਵਿਦਿਆਰਥੀਆਂ ਵੱਲੋਂ ਪੱਕੇ ਹੋਣ ਲਈ ਅਵਾਸ ਵਿਭਾਗ ਨੂੰ ਭੇਜੀਆਂ ਗਈਆਂ ਫਾਈਲਾਂ ਦੀ ਸਰਹੱਦੀ ਸੇਵਾਵਾਂ ਵਿਭਾਗ ਨੇ ਜਾਂਚ ਕੀਤੀ। ਵਿਭਾਗ ਵੱਲੋਂ ਵਿਦਿਆਰਥੀਆਂ ਦਾ ਪੱਖ ਜਾਨਣ ਮੌਕੇ ਏਜੰਟ ਦੀ ਜਾਅਲਸਾਜ਼ੀ ਦੀਆਂ ਪਰਤਾਂ ਖੁੱਲ੍ਹੀਆਂ। ਪਤਾ ਲੱਗਿਆ ਹੈ ਕਿ ਜਲੰਧਰ ਦੇ ਇਸ ਏਜੰਟ ਦਾ ਦਫ਼ਤਰ ਕਈ ਮਹੀਨਿਆਂ ਤੋਂ ਬੰਦ ਹੈ। ਇਹ ਏਜੰਟ ਟਰਾਂਟੋ ਦੇ ਇੱਕ ਕਾਲਜ ਦਾ ਜਾਅਲੀ ਆਫਰ-ਲੈਟਰ ਲਗਾ ਕੇ ਹਰੇਕ ਵਿਦਿਆਰਥੀ ਤੋਂ 17-18 ਲੱਖ ਰੁਪਏ ਲੈ ਕੇ ਵੀਜ਼ੇ ਲਵਾ ਦਿੰਦਾ ਸੀ। ਜਦ ਵਿਦਿਆਰਥੀ ਟਰਾਂਟੋ ਪਹੁੰਚਦੇ ਤਾਂ ਉਨ੍ਹਾਂ ਨੂੰ ਕਾਲਜ ਦੀਆਂ ਸੀਟਾਂ ਭਰਨ ਬਾਰੇ ਕਹਿ ਕੇ ਛੇ ਮਹੀਨੇ ਉਡੀਕ ਕਰਨ ਜਾਂ ਕਿਸੇ ਹੋਰ ਕਾਲਜ ਵਿਚ ਦਾਖਲ ਹੋਣ ਲਈ ਕਹਿੰਦਾ। ਭਰੋਸਾ ਪੱਕਾ ਕਰਨ ਲਈ ਹੋਰ ਕਾਲਜਾਂ ਵਿੱਚ ਦਾਖ਼ਲਾ ਭਰਨ ਲਈ ਇਹੀ ਏਜੰਟ 5-6 ਲੱਖ ਰੁਪਏ ਮੋੜ ਵੀ ਦਿੰਦਾ ਰਿਹਾ। ਦੋ-ਦੋ ਸਾਲ ਪੜ੍ਹਾਈ ਕਰਕੇ ਜਦੋਂ ਵਿਦਿਆਰਥੀਆਂ ਨੇ ਪੱਕੇ ਹੋਣ ਲਈ ਕਾਗਜ਼ ਭਰੇ ਤਾਂ ਜਾਂਚ ਦੌਰਾਨ ਜਾਅਲਸਾਜ਼ੀ ਦਾ ਭਾਂਡਾ ਫੁੱਟਿਆ। ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਕਿ ਏਜੰਟ ਵੀਜ਼ਾ ਦਰਖਾਸਤ ਉਤੇ ਵਿਦਿਆਰਥੀ ਵੱਲੋਂ 'ਖ਼ੁਦ ਫਾਰਮ ਭਰ ਰਿਹਾ ਤੇ ਏਜੰਟ ਦੀ ਮਦਦ ਨਹੀਂ ਲੈ ਰਿਹਾ' ਲਿਖਵਾ ਕੇ ਜਾਅਲਸਾਜ਼ੀ ਦੀ ਜ਼ਿੰਮੇਵਾਰੀ ਵੀ ਵਿਦਿਆਰਥੀਆਂ ਸਿਰ ਪਾਉਂਦਾ ਰਿਹਾ।

EVERSHINE DENTISTRY
EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515
Dr. Anjanpal Kaur Bhalla






WorkBC ਤੁਹਾਡੇ ਕਰੀਅਰ ਨੂੰ ਅੱਗੇ ਵਧਾਉਣ ਲਈ ਸਿਖਲਾਈ, ਸਰੋਤ ਅਤੇ ਵਿੱਤੀ ਸਹਾਇਤਾ ਲੱਭਣ ਵਿੱਚ ਤੁਹਾਡੀ ਮਦਦ ਕਰੇਗਾ।
ਹੋਰ ਜਾਣਕਾਰੀ ਲਈ
**WorkBC.ca/FindYourPath**'ਤੇ ਜਾਓ

ਨਾਲ ਹੀ ਆਪਣੇ ਸਥਾਨਕ WorkBC ਸੈਂਟਰ ਵਿਖੇ ਨੌਕਰੀ ਲਈ ਵਨ-ਔਨ-ਵਨ (ਵਿਅਕਤੀਗਤ) ਸਹਾਇਤਾ ਲਓ।

BRITISH COLUMBIA WorkBC

## ਸਾਬਕਾ ਗਵਰਨਰ ਜਨਰਲ ਚੀਨੀ ਦਖਲ ਦੀ ਜਨਤਕ ਜਾਂਚ ਦੀ ਕਰਨਗੇ ਨਿਗਰਾਨੀ



ਟੋਰਾਂਟੋ (ਸੇਖਾ)-ਕੈਨੇਡਾ ਦੀਆਂ ਪਿਛਲੀਆਂ ਦੋ ਚੋਣਾਂ ਵਿੱਚ ਚੀਨੀ ਦਖਲਅੰਦਾਜ਼ੀ ਦੇ ਦੋਸ਼ਾਂ ਦੀ ਜਾਂਚ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਾਬਕਾ ਗਵਰਨਰ ਜਨਰਲ ਨੂੰ ਵਿਸ਼ੇਸ਼ ਜਾਂਚਕਰਤਾ ਨਿਯੁਕਤ ਕੀਤਾ ਹੈ। ਟਰੂਡੋ ਨੇ ਐਲਾਨ ਕੀਤਾ ਕਿ ਡੇਵਿਡ ਜੌਹਨਸਨ ਵਿਸ਼ੇਸ਼ ਜਾਂਚਕਰਤਾ ਦੀ ਭੂਮਿਕਾ ਨਿਭਾਉਣਗੇ। ਜੌਹਨਸਨ ਇਹ ਫੈਸਲਾ ਕਰਨਗੇ ਕਿ ਕੀ ਇਸ ਮਾਮਲੇ ਦੀ ਜਨਤਕ ਜਾਂਚ ਦੀ ਲੋੜ ਹੈ ਜਾਂ ਨਹੀਂ। ਟਰੂਡੋ ਨੇ ਕਿਹਾ ਕਿ ਉਹ ਜੌਹਨਸਨ ਦੀਆਂ ਸਿਫ਼ਾਰਸ਼ਾਂ ਦੀ ਪਾਲਣਾ ਕਰਨਗੇ।

# ਸਿਸੋਦੀਆ ਖਿਲਾਫ ਇਕ ਹੋਰ ਕੇਸ ਦਰਜ

ਨਵੀਂ ਦਿੱਲੀ (ਦਿਓਲ)-ਸੀਬੀਆਈ ਨੇ ਅਧਿਕਾਰਤ ਅਹੁਦੇ ਅਤੇ ਸਿਆਸੀ ਜਾਸੂਸੀ ਲਈ ਸ਼ਹਿਰ ਦੀ ਫੀਡਬੈਕ ਇਕਾਈ (ਐੱਫਬੀਯੂ) ਦੀ



ਦੁਰਵਰਤੋਂ ਕਰਨ ਦੇ ਦੋਸ਼ ਹੇਠ ਦਿੱਲੀ ਦੇ ਸਾਬਕਾ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਖ਼ਿਲਾਫ਼ ਨਵਾਂ ਕੇਸ ਦਰਜ ਕੀਤਾ ਹੈ। ਸਿਸੋਦੀਆ ਨੂੰ ਇਸ ਤੋਂ ਪਹਿਲਾਂ ਸੀਬੀਆਈ ਨੇ ਦਿੱਲੀ ਆਬਕਾਰੀ ਨੀਤੀ ਨਾਲ ਸਬੰਧਤ ਕੇਸ 'ਚ ਗ੍ਰਿਫ਼ਤਾਰ ਕੀਤਾ ਸੀ। ਇਸ ਤੋਂ ਬਾਅਦ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਦੇ ਇੱਕ ਕੇਸ 'ਚ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਸਿਸੋਦੀਆ ਇਸ ਸਮੇਂ ਜੇਲ੍ਹ 'ਚ ਹਨ। ਅਧਿਕਾਰੀਆਂ ਨੇ ਦੱਸਿਆ ਕਿ ਸੀਬੀਆਈ ਨੇ ਸਿਸੋਦੀਆ (51) ਅਤੇ ਪੰਜ ਹੋਰਾਂ ਖ਼ਿਲਾਫ਼ ਮੰਗਲਵਾਰ ਨੂੰ ਕੇਸ ਦਰਜ ਕੀਤਾ। ਏਜੰਸੀ ਨੇ ਸਿਸੋਦੀਆ, 1992 ਬੈਚ ਦੇ ਆਈਆਰਐੱਸ ਅਧਿਕਾਰੀ ਸੁਕੇਸ਼ ਕੁਮਾਰ ਜੈਨ (ਤਤਕਾਲੀ ਚੌਕਸੀ ਸਕੱਤਰ), ਸੇਵਾਮੁਕਤ ਸੀਆਈਐੱਸਐੱਫ ਦੇ ਡੀਆਈਜੀ ਰਾਕੇਸ਼ ਕੁਮਾਰ ਸਿਨਹਾ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਸਿਨਹਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਵਿਸ਼ੇਸ਼ ਸਲਾਹਕਾਰ ਤੇ ਐੱਫਬੀਯੂ 'ਚ ਸੰਯੁਕਤ ਡਾਇਰੈਕਟਰ ਵਜੋਂ ਕੰਮ ਕਰ ਰਹੇ ਸਨ। ਅਧਿਕਾਰੀਆਂ ਨੇ ਦੱਸਿਆ ਕਿ ਇਸ ਤੋਂ ਇਲਾਵਾ ਇੰਟੈਲੀਜੈਂਸ ਬਿਊਰੋ ਦੇ ਸਾਬਕਾ ਜੁਆਇੰਟ ਡਿਪਟੀ ਡਾਇਰੈਕਟਰ ਪ੍ਰਦੀਪ ਕੁਮਾਰ ਪੁੰਜ, ਸੀਆਈਐੱਸਐੱਫ ਦੇ ਸੇਵਾਮੁਕਤ ਸਹਾਇਕ ਕਮਾਂਡੈਂਟ ਸਤੀਸ਼ ਖੇਤਰਪਾਲ ਤੇ ਗੋਪਾਲ ਮੋਹਨ ਖ਼ਿਲਾਫ਼ ਵੀ ਕੇਸ ਦਰਜ ਕੀਤਾ ਗਿਆ ਹੈ। ਸੀਬੀਆਈ ਨੇ ਕੇਸ ਦਰਜ ਹੋਣ ਦੀ ਜਾਣਕਾਰੀ ਅੱਜ ਦਿੱਤੀ ਹੈ।


ROHITA PANNU
LAW CORPORATION
BARRISTER & SOLICITOR




SERVICES
- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8


## ਐਨਡੀਪੀ ਨੇ ਕੈਨੇਡੀਅਨ ਦਾ ਪੈਸਾ ਬਚਾਉਣ ਲਈ ਲਿਬਰਲ ਸਰਕਾਰ ਨਾਲ ਕੀਤੇ ਸਮਝੌਤੇ ਦੀ ਵਰਤੋਂ ਕੀਤੀ-ਜਗਮੀਤ ਸਿੰਘ



ਓਟਵਾ-ਐਨਡੀਪੀ ਦੇ ਨੇਤਾ ਜਗਮੀਤ ਸਿੰਘ ਨੇ ਕਿਹਾ ਕਿ ਨਿਊ ਡੈਮੋਕਰੈਟਸ ਨੇ ਅਗਲੇ ਫੈਡਰਲ ਬਜਟ ਵਿਚ ਕੈਨੇਡੀਅਨਾਂ ਦਾ ਪੈਸਾ ਬਚਾਉਣ ਲਈ ਹੋਰ ਰਸਤਿਆਂ 'ਤੇ ਜ਼ੋਰ ਦੇਣ ਵਜੋਂ ਲਿਬਰਲ ਸਰਕਾਰ ਨਾਲ ਕੀਤੇ ਆਪਣੇ ਸਮਝੌਤੇ ਦੀ ਵਰਤੋਂ ਕੀਤੀ ਹੈ। ਇਸ ਮਹੀਨੇ ਦੇ ਅਖੀਰ ਵਿਚ ਜਦੋਂ ਬਜਟ ਰਿਲੀਜ਼ ਕੀਤਾ ਜਾ ਰਿਹਾ ਹੈ ਤਾਂ ਉਹ ਕਿਸ਼ੋਰਾਂ, ਬਜ਼ੁਰਗ ਲੋਕਾਂ ਅਤੇ ਅਪਾਹਜ ਲੋਕਾਂ ਲਈ ਡੈਂਟਲ ਕਵਰੇਜ ਦੇ ਵਿਸਤਾਰ ਲਈ ਹੋਰ ਡਾਲਰ ਦੇਣ ਦੀ ਆਸ ਕਰ ਰਿਹਾ ਹੈ ਜੋ ਐਨਡੀਪੀ ਦਾ ਲਿਬਰਲਜ਼ ਨਾਲ ਕੌਨਫੀਡੈਂਸ-ਐਂਡ-ਸਪਲਾਈ ਸਮਝੌਤੇ ਦਾ ਹਿੱਸਾ ਹੈ। ਇਹ ਸਭ ਤੋਂ ਵੱਡੀ ਗੱਲ ਹੈ। ਕੈਨੇਡੀਅਨ ਪ੍ਰੈਸ ਨਾਲ ਇਕ ਮੁਲਾਕਾਤ ਵਿਚ ਜਗਮੀਤ ਸਿੰਘ ਕਹਿੰਦੇ ਹਨ ਕਿ ਉਹ ਰਾਸ਼ਟਰੀ ਪ੍ਰੋਗਰਾਮ ਲਈ ਲੋੜੀਂਦੇ ਡਾਲਰਾਂ ਪ੍ਰਤੀ ਵਚਨਬੱਧਤਾ ਦੇਖਣੀ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਸਰਕਾਰ ਜੀਐਸਟੀ ਛੋਟ ਬੂਸਟ ਵਿਚ 6 ਮਹੀਨਿਆਂ ਲਈ ਵਾਧਾ ਕਰੇ ਜਿਸ ਨਾਲ ਆਰਜ਼ੀ ਤੌਰ 'ਤੇ ਲੋਕਾਂ ਨੂੰ ਮਿਲੀ ਰਕਮ ਦੁੱਗਣੀ ਹੋ ਗਈ। ਇਹ ਛੋਟ ਪੱਤਝੜ ਵਿਚ ਲਾਗੂ ਕੀਤੀ ਗਈ ਸੀ। ਲਿਬਰਲਜ਼ ਵਲੋਂ 28 ਮਾਰਚ ਨੂੰ ਅਗਲਾ ਫੈਡਰਲ ਬਜਟ ਰਿਲੀਜ਼ ਕਰਨ ਦੀ ਆਸ ਹੈ। ਉਧਰ ਵਿਰੋਧੀ ਧਿਰ ਕੰਸਰਵੇਟਿਵ ਦਾ ਕਹਿਣਾ ਕਿ ਉਹ ਚਾਹੁੰਦੇ ਹਨ ਟੈਕਸ ਘੱਟ ਕੀਤੇ ਜਾਣ, ਖਰਚਿਆਂ ਦੀ ਸੀਮਾ ਨਿਰਧਾਰਤ ਹੋਵੇ।

## ਕੇਂਦਰ ਸਰਕਾਰ ਕੈਨੇਡਾ ਵਿੱਚ ਡਿਪੋਰਟੇਸ਼ਨ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਦੇ ਮਸਲੇ 'ਚ ਤੁਰੰਤ ਦਖ਼ਲ ਦੇਵੇ-ਪ੍ਰੋ. ਸਰਚਾਂਦ

ਅੰਮ੍ਰਿਤਸਰ / ਨਵੀਂ ਦਿਲੀ-ਰਾਸ਼ਟਰੀ ਘੱਟ ਗਿਣਤੀ ਕਮਿਸ਼ਨਰ ਦੇ ਸਲਾਹਕਾਰ ਅਤੇ ਭਾਜਪਾ ਦੇ ਸਿੱਖ ਆਗੂ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕੇਂਦਰ ਸਰਕਾਰ ਨੂੰ ਕੈਨੇਡਾ ਵਿੱਚ ਸੱਤ ਸੌ ਦੇ ਕਰੀਬ ਪੰਜਾਬੀ ਭਾਈਚਾਰੇ ਨਾਲ ਸੰਬੰਧਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਸਿਰ ਡਿਪੋਰਟੇਸ਼ਨ ਦੀ ਲਟਕ ਰਹੀ ਤਲਵਾਰ ਬਾਰੇ ਕੈਨੇਡਾ ਸਰਕਾਰ ਨਾਲ ਵਾਰਤਾ ਕਰਦਿਆਂ ਮਸਲੇ ਦਾ ਹੱਲ ਕੱਢਣ ਲਈ ਤੁਰੰਤ ਦਖ਼ਲ ਦੇਣ ਦੀ ਅਪੀਲ ਹੈ । ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਇਕਬਾਲ ਸਿੰਘ ਲਾਲਪੁਰਾ ਨੂੰ ਇਸ ਬਾਰੇ ਮੰਗ ਪੱਤਰ ਦਿੰਦਿਆਂ ਪ੍ਰੋ. ਸਰਚਾਂਦ ਸਿੰਘ, ਪ੍ਰੋ. ਗੁਰਿੰਦਰ ਸਿੰਘ ਮਾਮਣਕੇ ਅਤੇ ਅਮਨਦੀਪ ਭੱਟੀ ਨੇ ਕਿਹਾ ਕਿ ਕੈਨੇਡਾ ਤੋਂ ਸੱਤ ਸੌ ਦੇ ਕਰੀਬ ਪੰਜਾਬੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸਿਰ 'ਤੇ ਡਿਪੋਰਟੇਸ਼ਨ ਦੀ ਤਲਵਾਰ ਲਟਕ ਰਹੀ ਹੈ ਕਿਉਂਕਿ ਉਨ੍ਹਾਂ ਦੀਆਂ ਫਾਈਲ ਨਾਲ ਉਨ੍ਹਾਂ ਦੇ ਏਜੰਟ ਵੱਲੋਂ ਛੇੜਛਾੜ ਕੀਤੇ ਗਏ ਸਨ। ਉਨ੍ਹਾਂ ਕਿਹਾ ਕੇ ਇਸ ਫਰਜ਼ੀਵਾੜਾ ਵਿਚ ਕੈਨੇਡਾ ਸਰਕਾਰ ਦੇ ਉਹ ਵੀਜ਼ਾ ਅਧਿਕਾਰੀ ਵੀ ਕਸੂਰਵਾਰ ਹਨ ਜਿਨਾ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਵੀਜ਼ੇ ਦੇਣ ਸਮੇਂ ਇਹ ਦਸਤਾਵੇਜ਼ ਠੀਕ ਤਰ੍ਹਾਂ ਚੈੱਕ ਨਹੀਂ ਕੀਤੇ । ਹੁਣ ਜਦੋਂ ਵਿਦਿਆਰਥੀ 3-4 ਸਾਲ ਕੈਨੇਡਾ 'ਚ ਹਰ ਤੰਗੀ ਝੱਲ ਕੇ, ਪੱਕੇ ਹੋਣ ਲਈ ਅਪਲਾਈ ਕਰਨ ਦੇ ਯੋਗ ਹੋਏ ਤਾਂ ਹੁਣ ਕਿਹਾ ਜਾ ਰਿਹਾ ਕਿ ਇਨ੍ਹਾਂ ਦੇ ਦਸਤਾਵੇਜ਼ ਗ਼ਲਤ ਹਨ ਅਤੇ ਉਨ੍ਹਾਂ ਨੂੰ ਵਾਪਸ ਜਾਣਾ ਪਵੇਗਾ। ਇਸ ਦੇ ਨਾਲ ਹੀ ਕੈਨੇਡਾ ਸਰਕਾਰ ਨੇ ਫ਼ਰਜ਼ੀ ਦਸਤਾਵੇਜ਼ਾਂ 'ਤੇ ਕੈਨੇਡਾ ਪੁੱਜੇ ਭਾਰਤੀ ਵਿਦਿਆਰਥੀਆਂ ਨੂੰ ਡਿਪੋਰਟ ਕਰਨ ਦਾ ਫ਼ੈਸਲਾ ਲੈਂਦੇ ਹੋਏ ਸਾਰੇ ਵਿਦਿਆਰਥੀਆਂ ਨੂੰ ਕੈਨੇਡਾ ਤੋਂ ਡਿਪੋਰਟ ਕਰਨ ਦੇ ਨੋਟਿਸ ਜਾਰੀ ਕਰ ਦਿੱਤੇ ਹਨ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਕੈਨੇਡਾ ਸਰਕਾਰ ਵੱਲੋਂ ਡਿਪੋਰਟ ਕਰਨ ਦੀ ਸੂਚਨਾ ਮਿਲਦੇ ਹੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ 'ਚ ਹੜਕੰਪ ਮੱਚ ਗਿਆ, ਉੱਥੇ ਹੀ ਕੈਨੇਡਾ ਪੁੱਜੇ ਵਿਦਿਆਰਥੀਆਂ ਨੂੰ ਡਿਪੋਰਟ ਕਰਨ ਦੀ ਸੂਚਨਾ ਮਿਲਦੇ ਹੀ ਵਿਦਿਆਰਥੀਆਂ ਦੇ ਪਰਿਵਾਰਕ ਮੈਂਬਰ ਚਿੰਤਾ ਵਿੱਚ ਆਗਏ ਹਨ।


ਸਪੈਸ਼ਲ ਸੈਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1 98 SF Berber Installed
Textured Saxony Installed from $2 28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

1845 ਬੁੱਢਾ ਮੱਲ ਤੋਂ ਬਣਕੇ ਬੁੱਧ ਸਿੰਘ, ਪਿੰਡ ਆਪਣੇ ਜਦ ਉਹ ਆਇਆ ਏ।
ਗਲ਼ ਗਾਤਰੇ ਉਸ ਕਿਰਪਾਨ ਪਾਈ, ਮੋਢੇ ਬਰਛਾ ਉਸ ਟਿਕਾਇਆ ਏ।
ਮੁੱਲਾਂ-ਕਾਜ਼ੀਆਂ ਪਿੰਡ ਦੇ ਚੌਧਰੀ ਨੂੰ, ਫੁੱਟੀ ਅੱਖ ਉਹ ਮੂਲ ਨਾ ਭਾਇਆ ਏ।
ਦੇਸ਼ਾਂ ਘੋੜੀ ਤੇ ਰਾਜਿਆਂ ਵਾਂਗ ਘੁੰਮੇ, ਹਰਚੰਦ ਸਿੰਘਾ ਭੈ ਭੁਲਾਇਆ ਏ॥
1846 ਬੁੱਧ ਸਿੰਘ ਦੀ ਦੇਖ ਦਲੇਰੀ ਨੂੰ, ਉਸ ਕੋਲ ਸੀ ਗੱਭਰੂ ਆਉਣ ਲੱਗੇ।
ਬੇ-ਹੱਕੀ ਜਿਸਦੇ ਨਾਲ ਹੁੰਦੀ, ਹੱਕ ਉਸਦਾ ਉਹਨੂੰ ਦਬਾਉਣ ਲੱਗੇ।
ਜੋ ਕਰਦੇ ਨਿੱਤ ਵਧੀਕੀਆਂ ਸੀ, ਜਾ ਥਾਣੇ ਚੁਗਲੀਆਂ ਲਾਉਣ ਲੱਗੇ।
ਹਰਚੰਦ ਸਿੰਘਾ ਟੋਲੇ ਹਾਕਮਾਂ ਦੇ, ਬਿਨਾਂ ਵਜ੍ਹਾ ਸੀ ਉਹਨੂੰ ਸਤਾਉਣ ਲੱਗੇ॥
1847 ਬੁੱਧ ਸਿੰਘ ਜੀ ਗੱਭਰੂ ਮੁੰਡਿਆਂ ਨੂੰ, ਪਹੁਲ ਖੰਡੇ ਦੀ ਨਿੱਤ ਛਕਾਉਣ ਲੱਗੇ।
ਨੌਧ ਸਿੰਘ, ਚੰਦਾ ਸਿੰਘ ਪੁੱਤਰਾਂ ਨੂੰ, ਹੱਕ-ਸੱਚ ਦਾ ਪਾਠ ਪੜ੍ਹਾਉਣ ਲੱਗੇ।
ਮਾਲਕ ਅਸੀਂ ਇਸ ਦੇਸ਼ ਦੇ ਹਾਂ, ਹੱਕ ਆਪਣਾ ਉਹ ਜਤਾਉਣ ਲੱਗੇ।
ਖੇਡਣ ਗੱਤਕਾ ਮਿਲ ਹਰਚੰਦ ਸਿੰਘਾ, ਘੋੜੇ-ਘੋੜੀਆਂ ਉਹ ਭਜਾਉਣ ਲੱਗੇ॥
1848 ਦੇਸਾਂ ਘੋੜੀ ਦਾ ਸਾਹ-ਅਸਵਾਰ ਹੈ ਸੀ, ਹੱਕ-ਸੱਚ ਲਈ ਉਸ ਘਮਸਾਨ ਕੀਤਾ।
ਮੱਲਾਂ ਮਾਰੀਆਂ ਜਥਿਆਂ ਨਾਲ ਰਲਕੇ, ਲੜਨ-ਮਰਨ ਤੋਂ ਰੱਤੀ ਨਾ ਕਾਨ ਕੀਤਾ।
ਲੋਹਾ ਲਿਆ ਵੈਰੀਆਂ ਨਾਲ ਸਦਾ, ਇਤਿਹਾਸਕਾਰਾਂ ਨੇ ਜੋ ਬਿਆਨ ਕੀਤਾ।
ਹਰਚੰਦ ਸਿੰਘਾ ਚਾਲੀ ਦੀ ਜਖ਼ਮ ਤਨ ਤੇ, ਜਦ ਆਖਰੀ ਉਸ ਇਸਨਾਨ ਕੀਤਾ॥

### ਸ: ਨੌਧ ਸਿੰਘ ਜੀ

1849 ਨੌਧ ਸਿੰਘ ਦੇ ਸਿਰ ਤੇ ਪੱਗ ਬੱਧੀ, ਖੜਗ ਪਿਤਾ ਦੀ ਲਈ ਸੰਭਾਲ ਹੈ ਸੀ।
ਲਿਖਣ ਵਾਲਿਆਂ ਜੋ ਬਿਆਨ ਕੀਤਾ, ਸਤਾਰਾਂ ਸੌ ਅਠਾਰਵਾਂ ਸਾਲ ਹੈ ਸੀ।
ਪਿਤਾ ਵਾਂਗ ਹੀ ਨੌਧ ਸਿੰਘ ਸੂਰਾ, ਜਾ ਰਲਿਆ ਜਥਿਆਂ ਨਾਲ ਹੈ ਸੀ।
ਲੰਬਾ ਸਮਾਂ ਉਸ ਹਰਚੰਦ ਸਿੰਘਾ, ਜੰਗਾਂ ਕੀਤੀਆਂ ਬਹੁਤ ਕਮਾਲ ਹੈ ਸੀ॥
1850 ਸ਼ੁੱਕਰਚੱਕ ਦੀ ਉਜੜੀ ਥੇਹ ਤਾਈਂ, ਨੌਧ ਸਿੰਘ ਨੇ ਮੁੜ ਵਸਾਇਆ ਏ।
ਗੁੱਜਰਾਂਵਾਲੇ ਦੇ ਉਹ ਨਜ਼ਦੀਕ ਹੈ ਸੀ, ਗੜ੍ਹੀ ਵਰਗਾ ਘਰ ਬਣਾਇਆ ਏ।
ਕੁੱਝ ਘੋੜ ਅਸਵਾਰ ਵੀ ਨਾਲ ਰੱਖੇ, ਸ਼ੁੱਕਰਚੱਕੀਆਂ ਮਿਸਲ ਕਹਾਇਆ ਏ।
ਹਰਚੰਦ ਸਿੰਘਾ ਖਾਲਸਾ ਰਾਜ ਲਈ, ਨੌਧ ਸਿੰਘ ਨੇ ਜੀਵਨ ਲਾਇਆ ਏ॥
1851 ਰਾਵਲ ਪਿੰਡੀ ਤੋਂ ਸਤਲੁਜ ਦਰਿਆ ਤਾਈਂ, ਲਿਆ ਦਬਦਵਾ ਸਿੰਘਾਂ ਨੇ ਪਾ ਬੇਲੀ।
ਮਿਲਕੇ ਨਾਲ ਨਵਾਬ ਕਪੂਰ ਸਿੰਘ ਦੇ, ਮੱਥਕਾ ਜ਼ਾਲਮਾਂ ਨਾਲ ਲਿਆ ਲਾ ਬੇਲੀ।
ਦੁਰਾਨੀ-ਅਫਗਾਨੀ ਮੁੜੇ ਜਦ ਲੁੱਟ ਕਰਕੇ, ਲਈ ਲੁੱਟ 'ਚੋਂ ਲੁੱਟ ਮਚਾ ਬੇਲੀ।
ਹਰਚੰਦ ਸਿੰਘਾ ਹਿੱਕ ਦੇ ਜ਼ੋਰ ਉੱਤੇ, ਮਿਸਲ ਆਪਣੀ ਲਈ ਵਧਾ ਬੇਲੀ॥

### ਸ: ਨੌਧ ਸਿੰਘ ਚੱਬਾ ਪਿੰਡ ਕੋਲ (ਗੋਹਲਵੜ ਦੇ ਜੰਗ ਵਿਚ) ਸ਼ਹੀਦ ਹੋ ਗਏ 11 ਨਵੰਬਰ 1757 ਈ:

1852 ਹਰਿਮੰਦਰ ਸਾਹਿਬ ਦਾ ਬਦਲਾ ਲੈਣ ਲਈ, ਬਾਬਾ ਦੀਪ ਸਿੰਘ ਜੀ ਆਇਆ ਏ।
ਗੋਹਲਵੜ ਦੇ ਜੰਗੇ ਮੈਦਾਨ ਅੰਦਰ, ਮੱਥਾ ਨਾਲ ਦੁਰਾਨੀਆਂ ਲਾਇਆ ਏ।
ਲੜਦੇ ਲੜਦੇ ਚੱਬਾ ਪਿੰਡ ਕੋਲੇ, ਸ਼ਹੀਦੀ ਪਾਈ ਸਿਦਕ ਨਿਭਾਇਆ ਏ।
ਹਰਚੰਦ ਸਿੰਘਾ ਪਿਤਾ ਨੇ ਜੋ ਕਿਹਾ, ਨੌਧ ਸਿੰਘ ਨੇ ਕਰ ਵਿਖਾਇਆ ਏ॥

### ਸ: ਚੜ੍ਹਤ ਸਿੰਘ ਜੀ

1853 ਚੜ੍ਹਤ ਸਿੰਘ ਨੇ ਪਿਤਾ ਦੀ ਤੇਗ ਚੱਕੀ, ਚੜ੍ਹਤ ਆਪਣੀ ਉਹ ਵਿਖਾਉਣ ਲੱਗਾ।
ਧਰਤ ਪਾਕਿ-ਪੰਜਾਬ ਦੀ ਜਾਬਰਾਂ ਤੋਂ, ਖਾਲੀ ਹਿੱਕ ਦੇ ਜ਼ੋਰ ਕਰਾਉਣ ਲੱਗਾ।
ਅਮੀਰ ਸਿੰਘ ਗੁੱਜਰਾਂ ਵਾਲੀਏ ਨੂੰ, ਨਾਲ ਜੋੜ ਕੇ ਬਲ ਵਧਾਉਣ ਲੱਗਾ।
ਐਮਨਾਬਾਦ ਦੇ ਫ਼ੌਜਦਾਰਾਂ ਨੂੰ ਸੋਧਣੇ ਦੀ, ਹਰਚੰਦ ਸਿੰਘਾ ਵਿਉਂਤ ਬਣਾਉਣ ਲੱਗਾ॥
1854 ਡੇਢ ਸੌ ਅਸਵਾਰ ਲੈ ਚੜ੍ਹਤ ਸਿੰਘ ਨੇ, ਅਹਿਮਦਾਬਾਦ ਤੇ ਹੱਲਾ ਬੋਲ ਦਿੱਤਾ।
ਹੋਇਆ ਟਾਕਰਾ ਭਿੜੇ ਜਵਾਨ ਅੱਗੋਂ, ਫੱਟ ਤੇਗਾਂ ਬਰਛਿਆਂ ਖੋਲ੍ਹ ਦਿੱਤਾ।
ਫ਼ੌਜਦਾਰ ਤੇ ਝਪਟਿਆ ਚੜ੍ਹਤ ਸਿੰਘ, ਸਿਰ ਕੱਟ ਜ਼ਮੀਨ ਤੇ ਰੋਲ ਦਿੱਤਾ।
ਹਰਚੰਦ ਸਿੰਘਾ ਲੁੱਟਿਆ ਮਾਲ-ਮੱਤਾ, ਕਿਲ੍ਹਾ ਸ਼ਹਿਰ ਸੀ ਸਭ ਫਰੋਲ ਦਿੱਤਾ॥
1855 ਗਵਰਨਰ ਸ਼ਹਿਰ ਲਾਹੌਰ ਦਾ ਆਊ ਚੜ੍ਹਕੇ, ਚੜ੍ਹਤ ਸਿੰਘ ਅੰਦਾਜ਼ੇ ਲਾਉਣ ਲੱਗਾ।
ਕਰ ਭਰਤੀ ਗੱਭਰੂ ਛੈਲ ਬਾਂਕੇ, ਦਲ ਆਪਣਾ ਹੋਰ ਵਧਾਉਣ ਲੱਗਾ।
ਥਾਂ ਵੇਖ ਤੇ ਕਰ ਸਮਾਨ ਕੱਠਾ, ਗੁੱਜਰਾਂਵਾਲੇ ਗੜ੍ਹੀ ਬਣਾਉਣ ਲੱਗਾ।
ਹਰਚੰਦ ਸਿੰਘਾ ਜਥੇ ਨੂੰ ਖਬਰ ਕੀਤੀ, ਨਿੱਤ ਨਵਾਂ ਜਥਾ ਸੀ ਆਉਣ ਲੱਗਾ॥

### ਗਵਰਨਰ ਲਹੌਰ ਦੀ ਗੁਜਰਾਂਵਾਲੇ ਤੇ ਚੜ੍ਹਾਈ

1856 ਖ਼ੁਆਜਾ ਹਾਬਿਦ ਗਵਰਨਰ ਲਹੌਰੀਏ ਨੇ, ਫੌਜਾਂ ਗੁੱਜਰਾਂ ਵਾਲੇ ਉਤਾਰੀਆਂ ਨੇ।
ਅੱਗੋਂ ਸਿੰਘ ਵੀ ਕਰ ਸਮਾਨ ਕੱਠਾ, ਕਰੀਂ ਬੈਠੇ ਖ਼ੂਬ ਤਿਆਰੀਆਂ ਨੇ।
ਤੀਰਾਂ ਨੇਜ਼ਿਆਂ, ਤੇਗਾਂ ਨੇ ਫੱਟ ਖੋਲ੍ਹੇ, ਲਹੂ ਪੀਤਾ ਰੱਜ ਕਟਾਰੀਆਂ ਨੇ।
ਹਾਬਿਦ ਭੱਜਿਆ ਜਾਨ ਬਚਾ ਕੇ ਜੀ, ਹਰਚੰਦ ਸਿੰਘਾ ਨਾ ਚੋਟਾਂ ਸਹਾਰੀਆਂ ਨੇ॥
1857 ਖ਼ੁਆਜਾ ਛੱਡ ਸੀ ਸਭ ਸਮਾਨ ਗਿਆ, ਘੋੜੇ ਹਾਥੀ, ਪੈਸਾ ਹਥਿਆਰ ਸਾਰੇ।
ਵਜੀਰਾਬਾਦ ਤੇ ਕੀਤਾ ਤੁਰੰਤ ਹਮਲਾ, ਜਾਬਰ ਉੱਥੋਂ ਬੁਲਾਏ ਪਾਰ ਸਾਰੇ।
ਫਿਰ ਅਹਿਮਦਾਬਾਦ ਜਾ ਸਰ ਕੀਤਾ, ਦਿੱਤੇ ਕਿਲ੍ਹੇ 'ਚੋਂ ਝੰਡੇ ਉਤਾਰ ਸਾਰੇ।
ਰੋਹਤਾਸ ਨੂੰ ਫਤ੍ਹੇ ਸਰਦਾਰ ਕੀਤਾ, ਹਰਚੰਦ ਸਿੰਘਾ ਖਾ ਗਏ ਹਾਰ ਸਾਰੇ॥

### ਬ੍ਰਿਜਰਾਜ ਦੀ ਮੱਦਦ ਕਰਨੀ

1858 ਉਸ ਸਮੇਂ ਜੰਮੂ ਦੇ ਤਖ਼ਤ ਉਤੇ ਰੰਜੀਤ ਦੇਵ ਪਿਆ ਰਾਜ ਚਲਾਂਵਦਾ ਏ।
ਵੱਡੇ ਪੁੱਤ ਬ੍ਰਿਜ ਨੂੰ ਛੱਡ ਪਿੱਛੇ, ਛੋਟੇ 'ਦਲੇਲ' ਨੂੰ ਰਾਜ ਬਹਾਂਵਦਾ ਏ।
ਬ੍ਰਿਜਰਾਜ ਅਮਦਾਦ ਲਈ ਅੱਡ ਪੱਲਾ, ਚੜ੍ਹਤ ਸਿੰਘ ਦੇ ਵਾਸਤੇ ਪਾਂਵਦਾ ਏ।
ਹਰਚੰਦ ਸਿੰਘਾ ਹੱਕ ਦਿਵਾਉਣ ਲਈ, ਚੜ੍ਹਤ ਸਿੰਘ ਜੰਮੂ ਨੂੰ ਜਾਂਵਦਾ ਏ।ਜ
1859 ਰੰਜੀਤ ਦੇਵ ਨੂੰ ਇਸ ਦੀ ਭਿਣਕ ਪਈ, ਉਸ ਭੰਗੀ ਸਰਦਾਰ ਬੁਲਾਅ ਘੱਲੇ।
ਜਫਰਵਾਲ ਦੇ ਕੋਲ ਸਰਦਾਰ ਦੋਵੇਂ, ਇਕ ਦੂਜੇ ਦੇ ਸਾਹਮਣੇ ਆ ਖੱਲੇ।
ਆਪੋ ਆਪਣੀ ਜਿੱਦ ਦੇ ਦੋਵੇਂ ਪੱਕੇ, ਤੇਗਾਂ ਚਮਕੀਆਂ ਝੱਟ ਮੈਦਾਨ ਮੱਲੇ।
ਚੜ੍ਹਤ ਸਿੰਘ ਦੇ ਹੱਥ ਬੰਦੂਕ ਫਟੀ, ਹਰਚੰਦ ਸਿੰਘਾ ਘਾਬ ਨਾ ਗਏ ਝੱਲੇ॥
1860 ਚੜ੍ਹਤ ਸਿੰਘ ਸਰਦਾਰ ਸ਼ਹੀਦ ਹੋਇਆ, ਸਤਾਰਾਂ ਸੌ ਚੁਹੱਤਰ ਸਾਲ ਹੈ ਸੀ।
ਵੱਡਾ ਪੁੱਤ ਸਰਦਾਰ ਦਾ ਮਹਾਂ ਸਿੰਘ, ਮਸੀਂ ਨੌਂ ਕੁ ਸਾਲ ਦਾ ਬਾਲ ਹੈ ਸੀ।
ਜੈ ਸਿੰਘ ਮੁਖੀ ਸਰਦਾਰ ਦਾ ਜੋ, ਸੁਲਾਹ ਕੀਤੀ ਭੰਗੀਆਂ ਨਾਲ ਹੈ ਸੀ।
ਮਹਾਂ ਸਿੰਘ ਜਵਾਨੀ ਚੜ੍ਹਨ ਲੱਗਾ, ਹਰਚੰਦ ਸਿੰਘਾ ਕੀਤੀ ਸੰਭਾਲ ਹੈ ਸੀ॥
1861 ਚੜ੍ਹਤ ਸਿੰਘ ਨੇ ਦੇਸ਼ ਤੇ ਕੌਮ ਲਈ, ਸਾਰੀ ਉਮਰ ਕਰੇ ਘਮਸਾਨ ਵੀਰੋ।
ਹਰ ਮਹਾਜ਼ ਤੇ ਮੱਲਾਂ ਮਾਰੀਆਂ ਜੋ, ਪਿੱਛੇ ਕਰ ਹਾਂ ਆਏ ਬਿਆਨ ਵੀਰੋ।
ਇਹੋ ਜਿਹੇ ਸਿਦਕੀ ਸੂਰਿਆਂ ਤੇ, ਦੇਸ਼ ਕੌਮ ਨੂੰ ਬੜਾ ਹੀ ਮਾਨ ਵੀਰੋ।
ਹਰਚੰਦ ਸਿੰਘਾ ਫੜਨਾ ਬਿਜਲੀਆਂ ਨੂੰ, ਇਹ ਕੰਮ ਨੀ ਕੋਈ ਆਸਾਨ ਵੀਰੋ॥
1862 ਪਿਤਾ-ਪੁਰਖਿਆਂ ਮੱਲਾਂ ਮਾਰੀਆਂ ਜੋ, ਮਹਾਂ ਸਿੰਘ ਇਜ਼ਾਫ਼ਾ ਕਰਨ ਲੱਗਾ।
ਰਸੂਲ ਨਗਰ ਦਾ ਹਾਕਮ ਪੀਰ ਮੁਹੰਮਦ, ਚੀਰ ਕੰਜਕਾਂ ਦੇ ਸੀ ਹਰਨ ਲੱਗਾ।
ਦੁਖੀ ਪਰਜਾ ਕਰੇ ਫਰਿਆਦ ਆ ਕੇ, ਮਹਾਂ ਸਿੰਘ ਕਚੀਚੀਆਂ ਭਰਨ ਲੱਗਾ।
ਛੋਟੀ ਉਮਰੇ ਉਹ ਹਰਚੰਦ ਸਿੰਘਾ, ਉਡਦੇ ਪੰਛੀ ਅਰਸ਼ੋਂ ਫੜਨ ਲੱਗਾ॥
1863 ਗਜਪਤ ਸਿੰਘ ਰਾਜਾ ਜੀਂਦ ਵਾਲੇ, ਛੁਹਾਰਾ ਮਹਾਂ ਸਿੰਘ ਦੇ ਪਾਇਆ ਏ।
ਜੀਂਦ ਢੁੱਕਿਆ ਮਹਾਂ ਸਿੰਘ ਜਾ ਕੇ, ਰਾਜ ਕੌਰ ਨੂੰ ਪੱਲੇ ਲਗਾਇਆ ਏ।
ਗੁੱਜਰਾਂਵਾਲੇ ਹੋਈ ਦੀਪ-ਮਾਲਾ, ਡੋਲਾ ਸੱਜ ਕੇ ਮਹਿਲੀਂ ਆਇਆ ਏ।
2 ਨਵੰਬਰ ਸਤਾਰਾਂ ਸੌ ਅੱਸੀ (1780) ਰਣਜੀਤ ਸਿੰਘ ਨੂੰ ਗੋਦ ਖਲਾਇਆ ਏ॥
1864 ਛੋਟੀ ਉਮਰੇ ਬਾਲ ਰਣਜੀਤ ਸਿੰਘ ਦਾ, ਨਾਲ ਸੀਤਲਾ ਬੁਰਾ ਸੀ ਹਾਲ ਹੋਇਆ।
ਨਾਲ ਫੋੜਿਆਂ ਭਰਿਆ ਤਨ ਸਾਰਾ, ਉਹੋ ਨਾਲ ਬੁਖਾਰ ਦੇ ਲਾਲ ਹੋਇਆ।
ਆਸ ਬਚਣ ਦੀ ਕੋਈ ਨਾ ਜਾਪਦੀ ਸੀ, ਪਰ ਉਸਤੇ ਰੱਬ ਨਿਹਾਲ ਹੋਇਆ।
ਖੱਬੀ ਅੱਖ ਦੀ ਰਹੀ ਨਾ ਨਜ਼ਰ ਪੂਰੀ, ਹਰਚੰਦ ਸਿੰਘਾ ਖਤਰੇਊ ਟਾਲ ਹੋਇਆ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

Bank Turndown? Could be just what you need!

# Quick Private Funds

- $10,000 to $1 Million in just 24 Hours
- Up to $5 Million Available



invis

Canada's Mortgage Experts™

Call today to get started

**SANJEEV KATYAL**

**604.767.5194**

Info@katyalmortgage.ca

WWW.KATYALMORTGAGE.CA



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ     ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ- 604-710-7593

*****************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

*****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

*****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

*****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

*****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

*****************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

*****************

ਭਾਰਤ ਵਿੱਚ ਸੇਲ ਮੈਨੇਜਰ, ਰਾਮਦਾਸੀਆ ਸਿੱਖ ਮੋਹਟਨ ਪਰਿਵਾਰ ਨਾਲ ਸੰਬੰਧਤ, ਉਮਰ 29 ਸਾਲ, ਕੱਦ 5'11", ਪੋਸਟ ਗ੍ਰੈਜੂਏਟ, ਸੁੰਦਰ, ਨਸ਼ਿਆਂ ਤੋਂ ਰਹਿਤ ਲੜਕੇ ਲਈ ਪੜ੍ਹੇ-ਲਿਖੇ ਪਰਿਵਾਰ ਦੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀਆਰ/ਵਰਕ ਪਰਮਿਟ ਹੋਲਡਰ, ਪੜ੍ਹੀ-ਲਿਖੀ ਅਤੇ ਸੁੰਦਰ ਹੋਣੀ ਚਾਹੀਦੀ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕੈਨੇਡਾ ਵਿੱਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ: 604-505-6176 ਜਾਂ ਈਮੇਲ -wirte2rkj@gmial.com

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994, ਕੱਦ 5 ਫੁੱਟ 3 ਇੰਚ, ਭਛੀਠ ਤੋਂ 2ੈ ਓਅ੍ਰਸ਼ ਾਿਠ ਧੀਫਲੌਅ੍ਰੋ ਲਦਏਰ, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ੍ਹਦਚਦਨਟ ਫਹੋਟੋ ਅਨਦ ਾਬਿਦਓਟਅ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

*****************

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ। Contact: 604-897-1298,
Whatsapp Number: 99-156-52029

*****************

INA ਪਰਿਵਾਰ ਵਿਚ ਜੰਮਪਲ, ਜੱਟ ਸਿੱਖ, Orphan ਲੜਕੀ, ਉਮਰ 30 ਸਾਲ, ਕੱਦ 5'6", Rural Landlord, ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਹਮ-ਉਮਰ ਜੱਟ ਸਿੱਖ ਵਰ ਦੀ ਲੋੜ ਹੈ। ਵਿਧਰ/ਤਲਾਕਸ਼ੁਦਾ ਵੀ ਵਿਚਾਰ ਅਧੀਨ। ਸੰਪਰਕ: 778-344-3108

*****************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋਣ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

*****************

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ **Concrete Breaking** ਅਤੇ **Coring** ਦਾ ਬਿਜ਼ਨਸ ਵਿਕਾਓ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: **604-250-7893**

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-307-7008

✦✦✦✦✦✦✦✦✦✦✦✦✦✦

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com

**Phone: 604-366-6000**
**www.gidl.ca**

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੇਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ- ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604-808-2579

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

✦✦✦✦✦✦✦✦✦✦✦✦✦✦

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਟਿਕਟੌਕ ਬਾਰੇ ਗੁੰਮਰਾਹ ਕਰ ਰਿਹੈ ਅਮਰੀਕਾ-ਚੀਨ

ਪੇਈਚਿੰਗ-ਚੀਨ ਨੇ ਅਮਰੀਕਾ 'ਤੇ ਟਿਕਟੌਕ ਬਾਰੇ ਗੁੰਮਰਾਹਕੁਨ ਪ੍ਰਚਾਰ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਹੈ ਕਿ ਬਾਇਡਨ ਪ੍ਰਸ਼ਾਸਨ ਚੀਨੀ ਮਾਲਿਕਾਂ ਨੂੰ ਪ੍ਰਸਿੱਧ ਵੀਡੀਓ-




ਸ਼ੇਅਰਿੰਗ ਐਪ ਵਿੱਚ ਆਪਣੀ ਹਿੱਸੇਦਾਰੀ ਵੇਚਣ ਲਈ ਦਬਾਅ ਪਾ ਰਿਹਾ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਵਾਂਗ ਵੇਨਬਿਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਮਰੀਕਾ ਨੇ ਅਜੇ ਇਸ ਗੱਲ ਦਾ ਸਬੂਤ ਪੇਸ਼ ਕਰਨਾ ਹੈ ਕਿ ਟਿਕਟੌਕ ਕੌਮੀ ਸੁਰੱਖਿਆ ਲਈ ਖਤਰਾ ਹੈ ਅਤੇ ਉਹ ਡਾਟਾ ਸੁਰੱਖਿਆ ਦੇ ਬਹਾਨੇ ਵਿਦੇਸ਼ੀ ਕੰਪਨੀਆਂ ਨੂੰ ਦਬਾਉਣ ਲਈ ਆਪਣੀਆਂ ਸ਼ਕਤੀਆਂ ਦੀ ਦੁਰਵਰਤੋਂ ਕਰ ਰਿਹਾ ਹੈ। ਵਾਂਗ ਨੇ ਕਿਹਾ, "ਅਮਰੀਕਾ ਨੂੰ ਡਾਟਾ ਸੁਰੱਖਿਆ ਬਾਰੇ ਗਲਤ ਜਾਣਕਾਰੀ ਫੈਲਾਉਣੀ ਬੰਦ ਕਰਨੀ ਚਾਹੀਦੀ ਹੈ ਅਤੇ ਵਿਦੇਸ਼ੀ ਕਾਰੋਬਾਰੀਆਂ ਨੂੰ ਯੂਐੱਸ ਵਿੱਚ ਨਿਵੇਸ਼ ਕਰਨ ਅਤੇ ਕੰਮ ਕਰਨ ਲਈ ਇੱਕ ਖੁੱਲ੍ਹਾ, ਨਿਰਪੱਖ ਅਤੇ ਗੈਰ-ਵਿਤਕਰੇ ਵਾਲਾ ਮਾਹੌਲ ਮੁਹੱਈਆ ਕਰਵਾਉਣਾ ਚਾਹੀਦਾ ਹੈ।" ਟਿਕਟੌਕ ਦੇ ਬੁਲਾਰੇ ਮੌਰੀਨ ਸ਼ਨਾਹਨ ਨੇ ਕਿਹਾ, "ਜੇਕਰ ਕੌਮੀ ਸੁਰੱਖਿਆ ਦੀ ਰੱਖਿਆ ਕਰਨਾ ਮੁੱਖ ਉਦੇਸ਼ ਹੈ ਤਾਂ ਨਿਵੇਸ਼ਕ ਬਦਲਣਾ ਸਮੱਸਿਆ ਨੂੰ ਹੱਲ ਨਹੀਂ ਕਰ ਸਕਦਾ। ਮਲਕੀਅਤ ਵਿੱਚ ਤਬਦੀਲੀ ਡਾਟਾ ਦੇ ਪ੍ਰਵਾਹ ਜਾਂ ਪਹੁੰਚ 'ਤੇ ਕੋਈ ਨਵੀਂ ਪਾਬੰਦੀਆਂ ਨਹੀਂ ਲਾਵੇਗੀ।" ਸ਼ਾਨਹਾਨ ਨੇ ਕਿਹਾ ਕਿ ਟਿਕਟੌਕ ਪਹਿਲਾਂ ਹੀ ਤੀਜੀ ਧਿਰ ਦੀ ਨਿਗਰਾਨੀ ਹੇਠ, ਜਾਂਚ ਅਤੇ ਤਸਦੀਕ ਦੇ ਨਾਲ, 'ਅਮਰੀਕੀ ਉਪਭੋਗਤਾ ਡਾਟਾ ਅਤੇ ਪ੍ਰਣਾਲੀਆਂ ਦੀ ਪਾਰਦਰਸ਼ੀ, ਯੂਐੱਸ-ਆਧਾਰਤ ਸੁਰੱਖਿਆ ਸਬੰਧੀ ਚਿੰਤਾਵਾਂ ਦਾ ਜਵਾਬ ਦੇ ਰਿਹਾ ਸੀ।' ਹਾਲਾਂਕਿ ਵਿੱਤ ਵਿਭਾਗ ਅਤੇ ਵ੍ਹਾਈਟ ਹਾਊਸ ਦੀ ਕੌਮੀ ਸੁਰੱਖਿਆ ਕੌਂਸਲ ਨੇ ਮਾਮਲੇ 'ਤੇ ਕੋਈ ਵੀ ਪ੍ਰਤੀਕਿਰਿਆ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਫਰਵਰੀ ਦੇ ਅਖ਼ੀਰ ਵਿੱਚ ਵ੍ਹਾਈਟ ਹਾਊਸ ਨੇ ਸਾਰੀਆਂ ਫੈਡਰਲ ਏਜੰਸੀਆਂ ਨੂੰ ਸਾਰੇ ਸਰਕਾਰੀ ਯੰਤਰਾਂ ਵਿੱਚੋਂ ਟਿਕਟੌਕ ਹਟਾਉਣ ਲਈ 30 ਦਿਨ ਦਾ ਸਮਾਂ ਦਿੱਤਾ ਸੀ।

### ਬਰਤਾਨੀਆ ਨੇ ਟਿਕਟੌਕ 'ਤੇ ਪਾਬੰਦੀ ਲਗਾਈ

ਲੰਡਨ-ਬਰਤਾਨੀਆ ਨੇ ਸੁਰੱਖਿਆ ਦੇ ਮੱਦੇਨਜ਼ਰ ਸਰਕਾਰੀ ਫੋਨਾਂ ਵਿੱਚ ਚੀਨੀ ਮਾਲਕੀ ਵਾਲੀ ਸੋਸ਼ਲ ਮੀਡੀਆ ਵੀਡੀਓ ਐਪ ਟਿਕਟੌਕ 'ਤੇ ਪਾਬੰਦੀ ਲਗਾਉਣ ਦਾ ਫ਼ੈਸਲਾ ਕੀਤਾ ਹੈ। ਸੰਸਦ ਵਿੱਚ ਕੈਬਨਿਟ ਦਫ਼ਤਰ ਮੰਤਰੀ ਓਲੀਵਰ ਡਾਓਡੇਨ ਨੇ ਅੱਜ ਇਹ ਐਲਾਨ ਕੀਤਾ ਹੈ। ਬਰਤਾਨੀਆ ਨੇ ਇਹ ਐਲਾਨ ਅਮਰੀਕਾ, ਕੈਨੇਡਾ, ਯੂਰੋਪੀਅਨ ਸੰਘ ਅਤੇ ਭਾਰਤ ਵੱਲੋਂ ਐਪ 'ਤੇ ਲਗਾਈ ਗਈ ਪਾਬੰਦੀ ਮਗਰੋਂ ਕੀਤਾ ਹੈ। ਹਾਲਾਂਕਿ ਕੰਪਨੀ ਚੀਨੀ ਸਰਕਾਰ ਨਾਲ ਉਪਭੋਗਤਾਵਾਂ ਬਾਰੇ ਜਾਣਕਾਰੀ ਸਾਂਝੀ ਕਰਨ ਤੋਂ ਇਨਕਾਰ ਕਰ ਰਹੀ ਹੈ। ਡਾਓਡੇਨ ਨੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਐਪ ਰਾਹੀਂ ਵਰਤੀ ਜਾਣ ਵਾਲੀ ਜਾਣਕਾਰੀ ਅਤੇ ਸਰਕਾਰੀ ਡਾਟਾ ਕਿਵੇਂ ਜੋਖਿਮ ਭਰਿਆ ਹੋ ਸਕਦਾ ਹੈ। ਉਨ੍ਹਾਂ ਕਿਹਾ, "ਸੰਵੇਦਨਸ਼ੀਲ ਸਰਕਾਰੀ ਜਾਣਕਾਰੀ ਦੀ ਸੁਰੱਖਿਆ ਪਹਿਲਾਂ ਆਉਂਦੀ ਹੈ, ਇਸ ਲਈ ਅੱਜ ਤੋਂ ਅਸੀਂ ਸਰਕਾਰੀ ਯੰਤਰਾਂ ਵਿੱਚ ਇਸ ਐਪ 'ਤੇ ਪਾਬੰਦੀ ਲਗਾ ਰਹੇ ਹਾਂ।" ਉਨ੍ਹਾਂ ਕਿਹਾ ਕਿ ਡਾਟਾ ਸਾਂਝਾ ਕਰਨ ਵਾਲੀਆਂ ਹੋਰ ਐਪਸ ਦੀ ਵੀ ਸਮੀਖਿਆ ਕੀਤੀ ਜਾਵੇਗੀ।

# ਮਾਨਸਾ ਦੇ ਪਿੰਡ ਕੋਟਲੀ ਕਲਾਂ 'ਚ ਮੋਟਰਸਾਈਕਲ ਸਵਾਰਾਂ ਨੇ ਗੋਲੀਆਂ ਨਾਲ 6 ਸਾਲਾਂ ਦੇ ਬੱਚੇ ਦੀ ਹੱਤਿਆ ਕੀਤੀ, ਹਮਲੇ 'ਚ ਭੈਣ ਜ਼ਖ਼ਮੀ

ਮਾਨਸਾ-ਇਥੋਂ ਨੇੜਲੇ ਪਿੰਡ ਕੋਟਲੀ ਕਲਾਂ ਵਿੱਚ ਛੇ ਸਾਲਾਂ ਦੇ ਬੱਚੇ ਹਰਉਦੈਵੀਰ ਸਿੰਘ ਦੀ ਬੁਲੇਟ ਮੋਟਰਸਾਈਕਲ ਸਵਾਰ ਦੋ ਜਾਣਿਆ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਮਾਨਸਾ ਦੇ ਡੀਐੱਸਪੀ ਸੰਜੀਵ ਗੋਇਲ ਨੇ ਦੱਸਿਆ ਕਿ ਰਾਤ 10 ਵਜੇ ਕੋਟਲੀ ਕਲਾਂ ਦੇ ਜਸਪ੍ਰੀਤ ਸਿੰਘ ਆਪਣੇ ਪੁੱਤਰ ਹਰਉਦੈਵੀਰ ਸਿੰਘ (6) ਅਤੇ ਬੇਟੀ ਨਵਸੀਰਤ ਕੌਰ ਨਾਲ ਗਲੀ 'ਚੋਂ ਲੰਘਕੇ ਆਪਣੇ ਘਰ ਜਾ ਰਹੇ ਸਨ ਕਿ ਅਚਾਨਕ ਹੀ ਦੋ ਜਣੇ ਬੁਲੇਟ ਮੋਟਰਸਾਈਕਲ ਉਤੇ ਆਏ ਅਤੇ ਗੋਲੀਆਂ ਚਲਾ ਦਿੱਤੀਆਂ। ਉਨ੍ਹਾਂ ਦੱਸਿਆ ਕਿ ਗੋਲੀਆਂ ਚਲਾਉਣ ਦੌਰਾਨ



ਬੱਚੇ ਹਰਉਦੈਵੀਰ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਮਾਨਸਾ ਦੇ ਸਿਵਲ ਹਸਪਤਾਲ ਲਿਆਂਦਾ ਗਿਆ, ਜਿਥੇ ਡਾਕਟਰਾਂ ਦੀ ਟੀਮ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਗੋਲੀਆਂ ਨਾਲ ਬੇਟੀ ਨਵਸੀਰਤ ਕੌਰ ਵੀ ਜ਼ਖ਼ਮੀ ਹੋਈ ਹੈ ਪਰ ਉਸ ਦੀ ਹਾਲਤ ਫਿਲਹਾਲ ਬਿਲਕੁਲ ਠੀਕ ਦੱਸੀ ਜਾਂਦੀ ਹੈ। ਪੁਲੀਸ ਅਨੁਸਾਰ ਜਾਪਦਾ ਹੈ ਕਿ ਗੋਲੀਆਂ ਜਸਪ੍ਰੀਤ ਸਿੰਘ ਉਤੇ ਚਲਾਈਆਂ ਹੋ ਸਕਦੀਆਂ ਹਨ ਪਰ ਉਸ ਦਾ ਸ਼ਿਕਾਰ ਛੇ ਸਾਲਾਂ ਮਾਸੂਮ ਹੋ ਗਿਆ ਹੈ। ਪੁਲੀਸ ਵੱਲੋਂ ਮਾਮਲਾ ਦਰਜ ਕਰਨ ਤੋਂ ਬਾਅਦ ਇਲਾਕੇ ਵਿੱਚ ਨਾਕੇਬੰਦੀ ਤੇਜ਼ ਕਰ ਦਿੱਤੀ ਹੈ।

NORTHCOAST
LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

# ਰੂਸ-ਯੂਕਰੇਨ ਟਕਰਾਅ ਦੀ ਤਾਣੀ ਕਿਵੇਂ ਸੁਲਝੇ ?

**ਜੀ ਪਾਰਥਾਸਾਰਥੀ**



ਕਈ ਸਾਲ ਰਾਸ਼ਟਰਪਤੀ ਮਿਖਾਈਲ ਗੋਰਬਾਚੇਵ ਦੀ ਨਾ-ਅਹਿਲ ਅਤੇ ਡੰਬਲਭੂਸੇ ਭਰੀ ਅਗਵਾਈ ਤੋਂ ਬਾਅਦ 26 ਦਸੰਬਰ, 1991 ਨੂੰ ਸੋਵੀਅਤ ਸੰਘ ਵਿਚ ਸ਼ਾਮਲ 16 ਗਣਰਾਜ ਸੁਤੰਤਰ ਰੂਪ ਵਿਚ ਵੱਖ ਹੋ ਗਏ ਸਨ। ਇਸ ਘਟਨਾ ਦਾ ਇਕ ਦਿਲਚਸਪ ਪਹਿਲੂ ਇਹ ਸੀ ਕਿ ਰੂਸੀ ਲੋਕਾਂ ਦੀ ਕਾਫ਼ੀ ਵੱਡੀ ਸੰਖਿਆ ਉਦੋਂ ਵੀ ਵੱਖ ਹੋਏ ਸੋਵੀਅਤ ਗਣਰਾਜਾਂ ਵਿਚ ਰਹਿ ਰਹੀ ਸੀ। ਲਗਭਗ ਹਰ ਸਾਬਕਾ ਸੋਵੀਅਤ ਗਣਰਾਜ ਵਿਚ ਹਜ਼ਾਰਾਂ ਰੂਸੀ ਆਪੋ-ਆਪਣੇ ਪੁਰਾਣੇ ਘਰਾਂ ਵਿਚ ਰਹਿ ਰਹੇ ਸਨ ਅਤੇ ਉੱਥੇ ਵੱਡੇ ਪੱਧਰ 'ਤੇ ਰੂਸੀ ਜ਼ਬਾਨ ਬੋਲੀ ਜਾਂਦੀ ਸੀ। ਉਂਝ, ਇਨ੍ਹਾਂ ਸਾਬਕਾ ਗਣਰਾਜਾਂ ਨੇ ਆਪਣੇ ਗੁਆਂਢੀਆਂ ਨਾਲ ਸਹਿਯੋਗ ਵਧਾਇਆ ਤੇ ਇਸ ਦੌਰਾਨ ਉਨ੍ਹਾਂ ਦੇ ਰੂਸ ਨਾਲ ਤਾਲੁਕਾਤ ਵੀ ਦੋਸਤਾਨਾ ਬਣੇ ਰਹੇ। ਦਿਲਚਸਪ ਗੱਲ ਹੈ ਕਿ ਮੁਸਲਿਮ ਬਹੁਗਿਣਤੀ ਵਾਲੇ ਕਜ਼ਾਕਿਸਤਾਨ, ਕਿਰਗਿਜ਼ਸਤਾਨ, ਤਾਜਿਕਸਤਾਨ ਅਤੇ ਉਜ਼ਬੇਕਿਸਤਾਨ ਜਿਹੇ ਸਾਬਕਾ ਸੋਵੀਅਤ ਗਣਰਾਜ ਇਸ ਵੇਲੇ ਸ਼ੰਘਾਈ ਸਹਿਯੋਗ ਸੰਘ (ਐੱਸਸੀਓ) ਦੇ ਮੈਂਬਰ ਹਨ ਜਦਕਿ ਅਜ਼ਰਬਾਇਜਾਨ, ਸੰਵਾਦ ਭਿਆਲ ਗਿਣਿਆ ਜਾਂਦਾ ਹੈ। ਸਮੁੱਚੇ ਮੱਧ ਏਸ਼ੀਆ ਅੰਦਰ ਹਾਲੇ ਵੀ ਰੂਸ ਨਾਲ ਇਤਿਹਾਸਕ ਸਬੰਧ ਅਹਿਮ ਭੂਮਿਕਾ ਨਿਭਾਉਂਦੇ ਹਨ। ਆਮ ਤੌਰ 'ਤੇ ਰੂਸ ਦੇ ਪੱਛਮੀ ਗੁਆਂਢੀ ਫਰਾਂਸ ਤੋਂ ਲੈ ਕੇ ਜਰਮਨੀ ਜਾਂ ਨਾਰਵੇ, ਸਵੀਡਨ ਤੇ ਫਿਨਲੈਂਡ ਜਿਹੇ ਖੁਸ਼ਹਾਲ ਪੱਛਮੀ ਯੂਰੋਪ ਨਾਲ ਸਾਂਝ ਵਧਾਉਣ ਦੇ ਜ਼ਿਆਦਾ ਫ਼ਾਇਦੇ ਦੇਖਦੇ ਹਨ। ਰੂਸ ਕੋਲ ਆਪਣੀਆਂ ਉੱਤਰੀ ਅਤੇ ਪੱਛਮੀ ਸਰਹੱਦਾਂ 'ਤੇ ਪੈਂਦੇ ਸੋਵੀਅਤ ਸੰਘ ਦੇ ਸਾਬਕਾ ਗਣਰਾਜਾਂ ਵਲੋਂ ਉਨ੍ਹਾਂ ਦੇ ਯੂਰੋਪੀਅਨ ਗੁਆਂਢੀਆਂ ਨਾਲ ਸਬੰਧ ਵਧਾਉਣ 'ਤੇ ਕੋਈ ਇਤਰਾਜ਼ ਕਰਨ ਦਾ ਕੋਈ ਕਾਰਨ ਨਹੀਂ ਹੈ। ਉਸ ਨੂੰ ਚਿੰਤਾ ਉਦੋਂ ਹੁੰਦੀ ਹੈ ਜਦੋਂ ਇਸ ਦੇ ਗੁਆਂਢੀ ਮੁਲਕ ਅਮਰੀਕਾ ਅਤੇ ਨਾਟੋ ਨਾਲ ਫ਼ੌਜੀ ਗੱਠਜੋੜ ਕਾਇਮ ਕਰ ਲੈਂਦੇ ਹਨ। ਨਾਟੋ ਵਿਚ ਅਮਰੀਕਾ ਦਾ ਮੁੱਖ ਮੰਤਵ ਰੂਸ ਦੀ ਘੇਰਾਬੰਦੀ ਕਰਨ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਯੂਰੋਪ ਵਿਚ ਪੈਦਾ ਹੋਏ ਹਾਲੀਆ ਤਣਾਅ ਦਾ ਸਮੁੱਚਾ ਸਵਾਲ ਰਾਸ਼ਟਰਪਤੀ ਜੋਅ ਬਾਇਡਨ ਦੇ ਯੂਕਰੇਨ ਦੇ ਨੌਜਵਾਨ ਅਤੇ ਨਾ-ਤਜਰਬੇਕਾਰ ਰਾਸ਼ਟਰਪਤੀ ਜ਼ੇਲੈਂਸਕੀ ਦੀ ਲੀਡਰਸ਼ਿਪ ਨਾਲ ਅਚਨਚੇਤ ਉਮੜੇ ਤਿਹੁ ਵਿਚੋਂ ਉਭਰਿਆ ਹੈ ਜਿਸ ਕਰ ਕੇ ਯੂਕਰੇਨ ਦੇ ਅਮਰੀਕਾ ਨਾਲ ਸੁਰੱਖਿਆ ਸਬੰਧ ਵਧਦੇ ਗਏ। ਇਸ ਦੇ ਸਿੱਟੇ ਵਜੋਂ ਯੂਕਰੇਨ ਨੂੰ ਅਤਿ ਆਧੁਨਿਕ ਹਥਿਆਰ ਮੁਹੱਈਆ ਕਰਵਾਏ ਗਏ ਤਾਂ ਕਿ ਰੂਸ ਦੇ ਜ਼ਮੀਨੀ ਤੇ ਸਮੁੰਦਰੀ ਸੁਰੱਖਿਆ ਹਿੱਤਾਂ ਦੇ ਟਾਕਰੇ ਲਈ ਕੀਵ (ਯੂਕਰੇਨ) ਦੀ ਤਾਕਤ ਵਧਾਈ ਜਾ ਸਕੇ ਅਤੇ ਨਾਲ ਹੀ ਆਪਣੀਆਂ ਇਲਾਕਾਈ ਖਾਹਿਸ਼ਾਂ ਦੀ ਪੈਰਵੀ ਕੀਤੀ ਜਾ ਸਕੇ। ਰੂਸ ਅਤੇ ਯੂਕਰੇਨ ਵਿਚਕਾਰ ਮੁੱਖ ਵਿਵਾਦ ਕ੍ਰਾਇਮੀਆ ਪ੍ਰਾਇਦੀਪ ਨੂੰ ਲੈ ਕੇ ਚਲ ਰਿਹਾ ਸੀ। ਕ੍ਰਾਇਮੀਆ ਉਤੇ 1783 ਤੋਂ ਰੂਸੀ ਬਲੈਕ ਸੀਅ ਫਲੀਟ ਦਾ ਦਬਦਬਾ ਚੱਲ ਰਿਹਾ ਸੀ। ਇਤਿਹਾਸਕ ਤੌਰ 'ਤੇ ਵੀ ਇਹ ਖਿੱਤਾ ਪਿਛਲੀਆਂ ਲਗਭਗ ਦੋ ਸਦੀਆਂ ਤੋਂ ਯੂਕਰੇਨ ਦੀ ਬਜਾਇ ਰੂਸੀ ਪ੍ਰਭੁਸੱਤਾ ਅਧੀਨ ਰਿਹਾ ਹੈ। ਰੂਸ ਓਡੇਸਾ ਬੰਦਰਗਾਹ ਤੱਕ ਬੇਰੋਕ ਰਸਾਈ ਹਾਸਲ ਕਰਨ ਦੀ ਖਾਹਿਸ਼ ਰੱਖਦਾ ਰਿਹਾ ਹੈ ਪਰ ਇਸ ਵਿਚ ਇਹ ਕਾਮਯਾਬ ਨਹੀਂ ਹੋ ਸਕਿਆ ਸੀ। ਉਂਝ, ਸਿਆਣਪ ਇਸੇ ਗੱਲ ਵਿਚ ਸੀ ਕਿ ਜੇ ਕਾਲੇ ਸਾਗਰ ਦੀਆਂ ਬੰਦਰਗਾਹਾਂ ਦੀ ਦੋਵੇਂ ਮੁਲਕਾਂ ਵਲੋਂ ਵਰਤੋਂ ਕੀਤੀ ਜਾਂਦੀ ਕਿਉਂਕਿ ਉਨ੍ਹਾਂ ਦੇ ਜਹਾਜ਼ਰਾਨੀ ਹਿੱਤ ਆਪੋ ਵਿਚ ਜੁੜੇ ਹੋਏ ਹਨ। ਖਾਸ ਤੌਰ 'ਤੇ ਇਹ ਯੂਕਰੇਨ ਅਤੇ ਰੂਸ ਵਲੋਂ ਪੱਛਮੀ ਏਸ਼ੀਆ ਤੇ ਅਫ਼ਰੀਕਾ ਨੂੰ ਕਣਕ ਦੀ ਸਪਲਾਈ ਲਈ ਬਹੁਤ ਅਹਿਮ ਹਨ। ਓਡੇਸਾ ਪਿਛਲੇ ਕਾਫ਼ੀ ਅਰਸੇ ਤੋਂ ਯੂਕਰੇਨ ਅਤੇ ਰੂਸ ਨਾਲ ਭਾਰਤ ਦੇ ਵਪਾਰ ਲਈ ਬਹੁਤ ਅਹਿਮ ਟਿਕਾਣਾ ਬਣਿਆ ਹੋਇਆ ਹੈ। ਕਿਸੇ ਵੀ ਤਰ੍ਹਾਂ ਦੀ ਸ਼ਾਂਤੀ ਵਾਰਤਾ ਵਿਚ ਇਹ ਗੱਲ ਦਿਮਾਗ ਵਿਚ ਰੱਖਣ ਦੀ ਲੋੜ ਹੈ ਕਿ ਰੂਸ ਕਿਸੇ ਵੀ ਸੂਰਤ ਵਿਚ ਕ੍ਰਾਇਮੀਆ ਵਿਚ ਆਪਣੇ ਕੌਮੀ ਹਿੱਤਾਂ 'ਤੇ ਕੋਈ ਸੌਦੇਬਾਜ਼ੀ ਨਹੀਂ ਕਰੇਗਾ। ਮਾਸਕੋ ਦੀ ਇਹ ਸੁਭਾਵਿਕ ਰੁਚੀ ਹੈ ਕਿ ਕਾਲੇ ਸਾਗਰ ਵਿਚ ਪੈਂਦੀ ਓਡੇਸਾ ਬੰਦਰਗਾਹ ਤੱਕ ਆਪਣੀ ਇਤਿਹਾਸਕ ਰਸਾਈ ਨੂੰ ਮਜ਼ਬੂਤ ਕੀਤਾ ਜਾਵੇ। ਯੂਕਰੇਨ ਅਤੇ ਰੂਸ ਵਿਚਕਾਰ ਤਣਾਅ ਉਦੋਂ ਵਧਿਆ ਜਦੋਂ 20 ਮਈ, 2019 ਨੂੰ ਨੌਜਵਾਨ ਅਤੇ ਨਾ-ਤਜਰਬੇਕਾਰ ਵਲੋਦੀਮੀਰ ਜ਼ੇਲੈਂਸਕੀ ਯੂਕਰੇਨ ਦੇ ਰਾਸ਼ਟਰਪਤੀ ਚੁਣ ਲਏ ਗਏ। ਜ਼ੇਲੈਂਸਕੀ ਦਾ ਵਿਸ਼ਵਾਸ ਸੀ ਕਿ ਉਹ ਬਾਇਡਨ ਪ੍ਰਸ਼ਾਸਨ ਨਾਲ ਆਪਣੇ ਸਬੰਧ ਮਜ਼ਬੂਤ ਕਰ ਕੇ ਰੂਸ ਦੇ ਮੁਕਾਬਲੇ ਆਪਣੀ ਸੁਤੰਤਰ ਹੈਸੀਅਤ ਪੁਖਤਾ ਬਣਾ ਲੈਣਗੇ। 2021 ਵਿਚ ਆਪਣੀ ਵਾਸ਼ਿੰਗਟਨ ਫੇਰੀ ਦੌਰਾਨ ਉਨ੍ਹਾਂ ਰਾਸ਼ਟਰਪਤੀ ਬਾਇਡਨ ਨਾਲ ਸਾਂਝਾ ਐਲਾਨਨਾਮਾ ਸਹੀਬੰਦ ਕੀਤਾ ਜਿਸ ਵਿਚ ਰੂਸ ਪ੍ਰਤੀ ਸਖ਼ਤ ਭਾਸ਼ਾ ਵਰਤੀ ਗਈ ਸੀ। ਸਾਂਝੇ ਐਲਾਨ ਵਿਚ ਇਹ ਦਰਜ ਸੀ: 'ਰੂਸ ਦੇ ਹਮਲੇ ਦੀ ਸੂਰਤ ਵਿਚ ਯੂਕਰੇਨ ਦੀ ਪ੍ਰਭੁਸੱਤਾ, ਆਜ਼ਾਦੀ ਅਤੇ ਕੌਮਾਂਤਰੀ ਤੌਰ 'ਤੇ ਪ੍ਰਵਾਨਤ ਸਰਹੱਦਾਂ ਤਹਿਤ ਜਿਸ ਵਿਚ ਕ੍ਰਾਇਮੀਆ ਅਤੇ ਇਸ ਦੇ ਸਮੁੰਦਰੀ ਖੇਤਰ ਵੀ ਸ਼ਾਮਲ ਹਨ, ਦੀ ਇਲਾਕਾਈ ਅਖੰਡਤਾ ਪ੍ਰਤੀ ਸਪੱਸ਼ਟ ਵਚਨਬੱਧਤਾ ਦਰਸਾਈ ਜਾਂਦੀ ਹੈ।' ਇਹ ਯੂਕਰੇਨ ਨੂੰ ਅਜਿਹੀ ਕਾਰਵਾਈ ਦੀ ਯਕੀਨਦਹਾਨੀ ਸੀ ਜਿਸ ਨਾਲ ਕ੍ਰਾਇਮੀਆ ਤੱਕ ਰੂਸ ਦੀ ਰਸਾਈ ਪ੍ਰਭਾਵਿਤ ਹੋ ਸਕਦੀ ਸੀ। ਇਸ ਦੇ ਨਾਲ ਹੀ ਯੂਕਰੇਨ ਨੂੰ ਅਤਿ ਆਧੁਨਿਕ ਹਥਿਆਰਾ ਤੇ ਸਾਜ਼-ਸਾਮਾਨ ਦੀ ਸਪਲਾਈ ਦਾ ਸਿਲਸਿਲਾ ਸ਼ੁਰੂ ਹੋ ਗਿਆ। ਰਾਸ਼ਟਰਪਤੀ ਪੂਤਿਨ ਨੇ ਫਰਵਰੀ 2022 ਵਿਚ ਆਪਣੇ ਦਸਤੇ ਦੱਖਣੀ ਯੂਕਰੇਨ ਵਿਚ ਭੇਜੇ ਸਨ ਜਿਸ ਦਾ ਸਪੱਸ਼ਟ ਮੰਤਵ ਲੁਹਾਂਸਕ ਤੇ ਦੋਨੇਤਸਕ ਸ਼ਹਿਰਾਂ 'ਤੇ ਕਬਜ਼ਾ ਕਰ ਕੇ ਉਨ੍ਹਾਂ ਨੂੰ ਆਜ਼ਾਦ ਖਿੱਤੇ ਬਣਾਉਣਾ ਸੀ। ਉਹ ਉਨ੍ਹਾਂ ਖੇਤਰਾਂ 'ਤੇ ਰੂਸ ਦਾ ਕੰਟਰੋਲ ਕਾਇਮ ਕਰਨਾ ਚਾਹ ਰਹੇ ਸਨ ਜਿੱਥੇ ਰੂਸੀਆਂ ਦੀ ਚੋਖੀ ਤਾਦਾਦ ਰਹਿੰਦੀ ਹੈ। ਯੂਕਰੇਨ ਦੀ 4 ਕਰੋੜ 33 ਲੱਖ ਦੀ ਕੁੱਲ ਆਬਾਦੀ ਵਿਚੋਂ ਕਰੀਬ 77 ਲੱਖ ਰੂਸੀ ਹਨ। ਰੂਸੀ ਲੋਕਾਂ ਦਾ ਵੱਡਾ ਹਿੱਸਾ ਯੂਕਰੇਨ ਦੇ ਛੇ ਦੱਖਣੀ ਖੇਤਰਾਂ ਵਿਚ ਰਹਿੰਦਾ ਹੈ ਜਿੱਥੋਂ ਕ੍ਰਾਇਮੀਆ ਤੱਕ ਪਹੁੰਚਣ ਦਾ ਰਾਹ ਪੈਂਦਾ ਹੈ। ਕ੍ਰਾਇਮੀਆ ਪ੍ਰਾਇਦੀਪ ਵਿਚ ਰੂਸੀ ਬਲੈਕ ਸੀਅ ਫਲੀਟ ਦੀ ਸਥਾਪਨਾ 1783 ਵਿਚ ਕੀਤੀ ਗਈ ਸੀ। ਇਤਿਹਾਸਕ ਤੌਰ 'ਤੇ ਇਹ ਕਾਲੇ ਸਾਗਰ, ਅਜ਼ੋਵ ਸਾਗਰ ਅਤੇ ਭੂਮੱਧ ਸਾਗਰ ਤੱਕ ਰੂਸ ਲਈ ਦੁਆਰ ਬਣਿਆ ਰਿਹਾ ਹੈ। ਬਾਇਡਨ ਜ਼ੇਲੈਂਸਕੀ ਐਲਾਨਨਾਮੇ ਤੋਂ ਬਾਅਦ ਰੂਸੀ ਫ਼ੌਜ ਦੀ ਮਾੜੀ ਯੋਜਨਾਬੰਦੀ ਤੇ ਨਾਲ ਹੀ ਯੂਕਰੇਨ ਨੂੰ ਅਮਰੀਕਾ ਤੇ ਨਾਟੋ ਤੋਂ ਫ਼ੌਜੀ ਇਮਦਾਦ ਦਾ ਸਿੱਟਾ ਸੀ ਕਿ ਇਸ ਨਾਲ ਰੂਸ ਦੀ ਆਪਣੇ ਦੱਖਣੀ ਸਾਗਰਾਂ ਤੱਕ ਇਤਿਹਾਸਕ ਤੇ ਇਕਮਾਤਰ ਰਸਾਈ ਖ਼ਤਰੇ ਵਿਚ ਪੈ ਗਈ। ਰੂਸ ਨੂੰ ਕ੍ਰਾਇਮੀਆ ਤੋਂ ਲੈ ਕੇ ਓਡੇਸਾ ਬੰਦਰਗਾਹ ਤੱਕ ਯੂਕਰੇਨ ਦੇ ਵੱਡੇ ਖੇਤਰਾਂ 'ਤੇ ਜਲਦੀ ਕਬਜ਼ਾ ਕਰ ਲੈਣ ਦੀ ਆਸ ਸੀ ਪਰ ਯੂਕਰੇਨੀਆਂ ਦੇ ਜ਼ਬਰਦਸਤ ਵਿਰੋਧ ਅਤੇ ਅਮਰੀਕਾ ਤੇ ਨਾਟੋ ਵਲੋਂ ਹਥਿਆਰਾਂ ਦੇ ਰੂਪ ਵਿਚ ਮਿਲੀ ਇਮਦਾਦ ਕਰ ਕੇ ਰੂਸ ਦੀ ਪੇਸ਼ਕਦਮੀ ਰੁਕ ਗਈ। ਇਸ ਦੇ ਨਾਲ ਹੀ ਦੱਖਣੀ ਯੂਕਰੇਨ ਅੰਦਰ ਰੂਸ ਦੀਆਂ ਪੁਜ਼ੀਸ਼ਨਾਂ 'ਤੇ ਵੀ ਹਮਲੇ ਤੇਜ਼ ਹੋ ਗਏ। ਰੂਸ ਯੂਕਰੇਨ ਖ਼ੂਨੀ ਟਕਰਾਅ ਦੇ ਇਕ ਸਾਲ ਦੌਰਾਨ ਹੋਏ ਜਾਨੀ ਨੁਕਸਾਨ ਬਾਰੇ ਵੱਖੋ-ਵੱਖਰੇ ਅਨੁਮਾਨ ਲਾਏ ਜਾ ਰਹੇ ਹਨ। ਲਗਭਗ 1 ਕਰੋੜ 40 ਲੱਖ ਯੂਕਰੇਨੀ ਬੇਘਰ ਹੋ ਗਏ ਹਨ ਅਤੇ ਇਨ੍ਹਾਂ ਵਿਚੋਂ ਕਰੀਬ 70 ਲੱਖ ਲੋਕਾਂ ਨੇ ਗੁਆਂਢੀ ਮੁਲਕਾਂ ਵਿਚ ਸ਼ਰਨ ਲਈ ਹੈ। ਦੋਵਾਂ ਪਾਸਿਆਂ ਤੋਂ ਅੰਦਾਜ਼ਨ 3 ਲੱਖ ਵਿਅਕਤੀ ਮਾਰੇ ਗਏ ਜਾਂ ਜ਼ਖ਼ਮੀ ਹੋਏ ਹਨ। ਇਸ ਤੋਂ ਇਲਾਵਾ ਉੱਘੇ ਅਮਰੀਕੀ ਪੱਤਰਕਾਰ ਸਿਮੋਰ ਹਰਸ਼ ਦੀਆਂ ਰਿਪੋਰਟਾਂ ਤੋਂ ਖੁਲਾਸਾ ਹੋਇਆ ਹੈ ਕਿ 21 ਸਤੰਬਰ 2022 ਨੂੰ ਬਾਇਡਨ ਪ੍ਰਸ਼ਾਸਨ ਨੇ ਸਮੁੰਦਰ ਵਿਚਲੀਆਂ ਰੂਸੀ ਗੈਸ ਦੀਆਂ ਦੋ ਪਾਈਪਲਾਈਨਾਂ ਉਡਾਉਣ ਦੀ ਪ੍ਰਵਾਨਗੀ ਦਿੱਤੀ ਸੀ। ਇਹ ਕੌਮਾਂਤਰੀ ਕਾਨੂੰਨ ਦੀ ਘੋਰ ਉਲੰਘਣਾ ਹੈ ਅਤੇ ਇਸ ਦੀ ਭਰਵੀਂ ਕੌਮਾਂਤਰੀ ਜਾਂਚ ਕੀਤੀ ਜਾਣੀ ਚਾਹੀਦੀ ਹੈ। ਸਾਫ਼ ਜ਼ਾਹਿਰ ਹੈ ਕਿ ਰੂਸ ਅਤੇ ਅਮਰੀਕਾ ਵਲੋਂ ਯੂਕਰੇਨ ਵਿਚ ਚੱਲ ਰਿਹਾ ਟਕਰਾਅ ਖਤਮ ਕਰਨ ਲਈ ਕੋਈ ਖਾਸ ਚਾਰਾਜੋਈ ਨਹੀਂ ਕੀਤੀ ਗਈ। ਅੰਦਾਜ਼ਨ 1 ਕਰੋੜ 40 ਲੱਖ ਲੋਕ ਇਸ ਕਾਰਨ ਬੇਘਰ ਹੋ ਚੁੱਕੇ ਹਨ ਅਤੇ ਮੌਤਾਂ ਤੇ ਜ਼ਖ਼ਮੀਆਂ ਦੀ ਸੰਖਿਆ ਬਾਰੇ ਵੱਖੋ-ਵੱਖਰੇ ਅਨੁਮਾਨ ਹਨ। ਕੁਝ ਲੋਕਾਂ ਦਾ ਅਨੁਮਾਨ ਹੈ ਕਿ ਮਾਰੇ ਗਏ ਜਾਂ ਜ਼ਖ਼ਮੀ ਹੋਣ ਵਾਲਿਆਂ ਦੀ ਗਿਣਤੀ ਤਿੰਨ ਲੱਖ ਹੈ। ਰੂਸ ਅਤੇ ਚੀਨ ਦੇ ਵਧਦੇ ਰਿਸ਼ਤਿਆਂ ਪ੍ਰਤੀ ਯੂਰੋਪ ਦੇ ਸਰੋਕਾਰਾਂ ਦੇ ਮੱਦੇਨਜ਼ਰ ਭਾਰਤ ਨੇ ਇਸ ਟਕਰਾਅ ਨੂੰ ਸੁਲਝਾਉਣ ਲਈ ਸਾਂਝੇ ਜਤਨ ਕਰਨ ਦੀ ਪੇਸ਼ਕਸ਼ ਕੀਤੀ ਸੀ। ਅਮਰੀਕਾ ਨੇ ਚੀਨ ਦੀ ਵਿਚੋਲਗੀ ਦੀ ਪੇਸ਼ਕਸ਼ ਰੱਦ ਕਰ ਦਿੱਤੀ ਹੈ। ਰੂਸ ਅਜਿਹਾ ਕੋਈ ਸਮਝੌਤਾ ਪ੍ਰਵਾਨ ਨਹੀਂ ਕਰੇਗਾ ਜਿਸ ਤਹਿਤ ਉਸ ਨੂੰ ਕ੍ਰਾਇਮੀਆ ਵਿਚ ਸਾਗਰ ਤੱਕ ਆਪਣੀ ਰਸਾਈ ਦੇ ਅਹਿਮ ਅਤੇ ਇਤਿਹਾਸਕ ਕੰਟਰੋਲ ਤੋਂ ਹੱਥ ਧੋਣੇ ਪੈਣ। ਬਿਹਤਰ ਹੋਵੇਗਾ ਜੇ ਓਡੇਸਾ ਬੰਦਰਗਾਹ ਕੌਮਾਂਤਰੀ ਰਸਾਈ ਲਈ ਖੁੱਲ੍ਹੀ ਰੱਖੀ ਜਾਵੇ। ਓਡੇਸਾ ਬੰਦਰਗਾਹ ਅਫਰੀਕਾ ਤੇ ਪੱਛਮੀ ਏਸ਼ੀਆ ਲਈ ਯੂਕਰੇਨ ਤੇ ਰੂਸ ਤੋਂ ਕਣਕ ਦੀ ਸਪਲਾਈ ਲਈ ਬਹੁਤ ਅਹਿਮੀਅਤ ਰੱਖਦੀ ਹੈ। ਇਹ ਉਹ ਅਹਿਮ ਮੁੱਦੇ ਹਨ ਜਿਨ੍ਹਾਂ 'ਤੇ ਨਵੀਂ ਦਿੱਲੀ ਵਿਚ ਹੋਣ ਵਾਲੇ ਅਗਲੇ ਜੀ20 ਸਿਖਰ ਸੰਮੇਲਨ ਵਿਚ ਭਰਵੀਂ ਚਰਚਾ ਹੋਣ ਦੇ ਆਸਾਰ ਹਨ।






# ਦਿਲਜੀਤ ਤੋਂ ਕਾਫੀ ਕੁਝ ਸਿੱਖਣ ਨੂੰ ਮਿਲਿਆ-ਪਰਿਨੀਤੀ ਚੋਪੜਾ



ਮੁੰਬਈ-ਅਦਾਕਾਰਾ ਪਰਿਨੀਤੀ ਚੋਪੜਾ ਆਪਣੀ ਆਉਣ ਵਾਲੀ ਫਿਲਮ 'ਚਮਕੀਲਾ' ਵਿੱਚ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨਾਲ ਕੰਮ ਕਰ ਰਹੀ ਹੈ। ਉਹ ਦਿਲਜੀਤ ਨਾਲ ਕੰਮ ਕਰ ਕੇ ਕਾਫੀ ਖ਼ੁਸ਼ ਨਜ਼ਰ ਆਈ ਅਤੇ ਉਸ ਨੇ ਕਿਹਾ ਕਿ ਉਸ ਨੂੰ ਦਿਲਜੀਤ ਤੋਂ ਕਾਫੀ ਕੁਝ ਸਿੱਖਣ ਨੂੰ ਮਿਲਿਆ, ਜਿਸ ਲਈ ਅਦਾਕਾਰਾ ਨੇ ਉਸ ਦਾ ਧੰਨਵਾਦ ਵੀ ਕੀਤਾ। ਫਿਲਮ ਦੀ ਸ਼ੂਟਿੰਗ ਮੁਕੰਮਲ ਹੋਣ ਮਗਰੋਂ ਦਿਲਜੀਤ ਨੇ ਇੰਸਟਾਗ੍ਰਾਮ 'ਤੇ ਇੱਕ ਤਸਵੀਰ ਸਾਂਝੀ ਕਰਦਿਆਂ ਫਿਲਮ ਦੇ ਨਿਰਦੇਸ਼ਕ ਇਮਤਿਆਜ਼ ਅਲੀ, ਅਦਾਕਾਰਾ ਪਰਿਨੀਤੀ ਚੋਪੜਾ ਅਤੇ ਫਿਲਮ ਦੀ ਟੀਮ ਦੀ ਸ਼ਲਾਘਾ ਕੀਤੀ। ਇਮਤਿਆਜ਼ ਨਾਲ ਆਪਣੀ ਤਸਵੀਰ ਸਾਂਝੀ ਕਰਦਿਆਂ ਉਸ ਨੇ ਲਿਖਿਆ, "ਇਮਤਿਆਜ਼ ਅਲੀ ਸਰ ਬਹੁਤ ਪਿਆਰ ਜੀ। ਤੁਹਾਡੇ ਕੋਲੋਂ ਬਹੁਤ ਕੁਝ ਸਿੱਖਿਆ। ਬਹੁਤ ਚੰਗਾ ਲੱਗਾ ਕੰਮ ਕਰ ਕੇ। ਸਾਰੀ ਟੀਮ ਦਾ ਦਿਲੋਂ ਧੰਨਵਾਦ। ਬਹੁਤ ਮਿਹਨਤ ਕੀਤੀ ਸਾਰਿਆਂ ਨੇ। ਭੁੱਲ ਚੁੱਕ ਲਈ ਮੁਆਫੀ।" ਇਸ ਮਗਰੋਂ ਪਰਿਨੀਤੀ ਨੇ ਵੀ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸਾਂਝੀ ਕਰਦਿਆਂ ਲਿਖਿਆ, "ਮੇਰੇ ਪਸੰਦੀਦਾ ਇਨਸਾਨ, ਸਭ ਤੋਂ ਵਧੀਆ ਲੜਕੇ ਅਤੇ ਮੇਰੇ ਸਾਥੀ ਦਿਲਜੀਤ। ਅਖੀਰ 'ਚਮਕੀਲਾ' ਦੀ ਸ਼ੂਟਿੰਗ ਮੁਕੰਮਲ ਹੋ ਗਈ ਹੈ। ਮੈਂ ਤੁਹਾਡੇ ਤੋਂ ਬਹੁਤ ਕੁਝ ਸਿੱਖਿਆ। ਬਹੁਤ ਕਮਾਲ ਦਾ ਕੰਮ ਕੀਤਾ ਹੈ। ਹੋਰ ਕੋਈ ਵੀ ਮੇਰਾ ਚਮਕੀਲਾ ਨਹੀਂ ਬਣ ਸਕਦਾ ਸੀ। ਬਹੁਤ ਪਿਆਰ ਅਮਰਜੋਤ।"

# ਕਾਮੇਡੀ ਦੇ ਸੁਪਰਸਟਾਰ ਸਨ ਸਤੀਸ਼ ਕੌਸ਼ਿਕ

ਸਤੀਸ਼ ਕੌਸ਼ਿਕ ਦਾ ਜਨਮ 13 ਅੈਪ੍ਰਲ, 1956 ਨੂੰ ਹਰਿਆਣੇ ਦੇ ਮਹਿੰਦਰਗੜ੍ਹ ਪਿੰਡ 'ਚ ਹੋਇਆ ਸੀ। ਉਨ੍ਹਾਂ ਨੇ ਆਪਣੀ ਪੜ੍ਹਾਈ ਹਰਿਆਣਾ ਤੇ ਦਿੱਲੀ ਤੋਂ ਕੀਤੀ ਸੀ। ਸਾਲ 1972 'ਚ ਉਨ੍ਹਾਂ ਨੇ ਦਿੱਲੀ ਦੇ ਕਿਰੋੜੀਮਲ ਕਾਲਜ ਤੋਂ ਡਿਗਰੀ ਕੀਤੀ। ਫਿਰ ਐਫ. ਟੀ. ਆਈ. ਆਈ. ਤੋਂ ਐਕਟਿੰਗ ਦੀ ਪੜ੍ਹਾਈ ਕੀਤੀ। 1980 ਦੇ ਨੇੜੇ-ਤੇੜੇ ਉਨ੍ਹਾਂ ਨੇ ਫ਼ਿਲਮਾਂ 'ਚ ਰੋਲ ਹਾਸਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਉਨ੍ਹਾਂ ਨੂੰ ਕੋਈ ਕੰਮ ਨਹੀਂ ਮਿਲਿਆ। ਗੁਜ਼ਾਰੇ ਲਈ ਇਕ ਕੰਪਨੀ 'ਚ ਨੌਕਰੀ ਕਰਦੇ ਰਹੇ। ਪਰ 1983 'ਚ ਉਨ੍ਹਾਂ ਨੂੰ ਪਹਿਲੀ ਫ਼ਿਲਮ 'ਮਾਸੂਮ' ਬਤੌਰ ਅਸਿਸਟੈਂਟ ਡਾਇਰੈਕਟਰ ਮਿਲ ਗਈ। 1987 'ਚ ਆਈ ਫ਼ਿਲਮ 'ਮਿਸਟਰ ਇੰਡੀਆ' 'ਚ ਕਲੰਡਰ ਵਾਲੇ ਰੋਲ ਤੋਂ ਪਛਾਣ ਮਿਲੀ। ਇਸ ਤੋਂ ਬਾਅਦ ਸਤੀਸ਼ ਕੌਸ਼ਿਕ ਨੇ ਤਿੰਨ ਦਹਾਕੇ ਫ਼ਿਲਮ ਇੰਡਸਟਰੀ 'ਤੇ ਰਾਜ਼ ਕੀਤਾ। ਉਨ੍ਹਾਂ ਨੂੰ ਕਈ ਫ਼ਿਲਮਾਂ ਜਿਵੇਂ 'ਰਾਮ ਲਖਨ', 'ਸਾਜਨ ਚਲੇ ਸਸੁਰਾਲ' ਲਈ ਬੈਸਟ ਕਾਮੇਡੀਅਨ ਦਾ ਦੋ ਵਾਰ ਫ਼ਿਲਮ ਫੇਅਰ ਐਵਾਰਡ ਪ੍ਰਾਪਤ ਕੀਤਾ। ਉਨ੍ਹਾਂ ਦੀਆਂ ਯਾਦਗਾਰ ਫ਼ਿਲਮਾਂ ਜਿਵੇਂ 'ਜਾਨੇ ਭੀ ਦੋ ਯਾਰੋਂ', 'ਉਤਸਵ', 'ਸਾਗਰ', 'ਰਾਮ ਲਖਨ', 'ਸਵਰਗ', 'ਜਮਾਈ ਰਾਜਾ', 'ਅੰਦਾਜ਼', 'ਸਾਜਨ ਚਲੇ ਸਸੁਰਾਲ', 'ਦੀਵਾਨਾ ਮਸਤਾਨਾ', 'ਮਿਸਟਰ ਐਂਡ ਮਿਸਜ਼ ਖਿਲਾੜੀ', 'ਆਂਟੀ ਨੰਬਰ ਵੰਨ', 'ਬੜੇ ਮੀਆਂ ਛੋਟੇ ਮੀਆਂ', 'ਆ ਅਬ ਲੌਟ ਚਲੇਂ', 'ਹਸੀਨਾ ਮਾਨ ਜਾਏਗੀ', 'ਦੁਲਹਨ ਹਮ ਲੇ ਜਾਏਂਗੇ', 'ਹਦ ਕਰਦੀ ਆਪ ਨੇ', 'ਕਿਉਂਕਿ ਮੈਂ ਝੂਠ ਨਹੀਂ ਬੋਲਤਾ', 'ਹਮ ਕਿਸੀ ਸੇ ਕਮ ਨਹੀਂ', 'ਅਤਿਥੀ ਤੁਮ ਕਬ ਜਾਓਗੇ', 'ਉਡਤਾ ਪੰਜਾਬ', 'ਫੰਨੇ ਖਾਂ' ਆਦਿ ਵਰਗੀਆਂ ਫ਼ਿਲਮਾਂ 'ਚ ਕੰਮ ਕੀਤਾ। ਸਤੀਸ਼ ਕੌਸ਼ਿਕ ਬਹੁਤ ਮਿਹਨਤੀ ਸਨ। ਉਨ੍ਹਾਂ ਦਾ ਵਿਆਹ 1985 ਵਿਚ ਸ਼ਸ਼ੀ ਕੌਸ਼ਿਕ ਨਾਲ ਹੋਇਆ। ਸ਼ਾਦੀ ਤੋਂ ਕਈ ਸਾਲ ਬਾਅਦ ਬੇਟੇ ਨੇ ਜਨਮ ਲਿਆ। ਪਰ ਦੋ ਸਾਲ ਦੇ ਬੇਟੇ ਦੀ ਮੌਤ ਨੇ ਉਸ ਨੂੰ ਝੰਜੋੜ ਕੇ ਰੱਖ ਦਿੱਤਾ। ਬੇਟੇ ਦੀ ਮੌਤ ਤੋਂ 16 ਸਾਲ ਬਾਅਦ ਘਰ ਸਰੋਗੇਸ਼ੀ ਨਾਲ ਖ਼ੁਸ਼ੀ ਦੀਆਂ ਕਿਲਕਾਰੀਆਂ ਗੂੰਜੀਆਂ। ਉਨ੍ਹਾਂ ਦਾ 67 ਸਾਲ ਦੀ ਉਮਰ 'ਚ ਹਾਰਟ ਅਟੈਕ ਨਾਲ ਦਿਹਾਂਤ ਹੋ ਗਿਆ। ਪੂਰੇ ਫ਼ਿਲਮੀ ਜਗਤ 'ਚ ਸ਼ੋਕ ਦੀ ਲਹਿਰ ਦੌੜ ਗਈ। ਬੜੀ ਸਖ਼ਤ ਮਿਹਨਤ ਨਾਲ ਉਨ੍ਹਾਂ ਏਨਾ ਵੱਡਾ ਮੁਕਾਮ ਹਾਸਲ ਕੀਤਾ ਸੀ। ਉਹ ਹਮੇਸ਼ਾ ਸਾਡੇ ਦਿਲਾਂ 'ਚ ਜਿਉਂਦੇ ਰਹਿਣਗੇ।




ਬੀ.ਸੀ. ਦਾ ਸਪੈਕਿਊਲੇਸ਼ਨ ਅਤੇ ਵੇਕੈਂਸੀ ਟੈਕਸ

99% ਤੋਂ ਵੱਧ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਛੋਟ ਹੈ

ਪਰ ਤੁਹਾਨੂੰ ਫਿਰ ਵੀ ਘੋਸ਼ਿਤ ਕਰਨਾ ਪਵੇਗਾ



ਬੀ.ਸੀ. ਦਾ 'ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ' (ਸੱਟੇਬਾਜ਼ੀ ਅਤੇ ਖਾਲੀ ਘਰਾਂ ਦਾ ਟੈਕਸ) ਘੋਸ਼ਿਤ ਕਰਨ ਲਈ ਮਕਾਨ ਮਾਲਕਾਂ ਕੋਲ 31 ਮਾਰਚ ਤੱਕ ਦਾ ਸਮਾਂ ਹੈ। ਭਾਂਵੇ ਨਿਰਦੇਸ਼ਿਤ ਖੇਤਰਾਂ ਵਿੱਚ ਸਾਰੇ ਮਕਾਨ ਮਾਲਕਾਂ ਲਈ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ, ਪਰ ਬ੍ਰਿਟਿਸ਼ ਕੋਲੰਬੀਆ ਦੇ 99% ਤੋਂ ਵਧੇਰੇ ਵਾਸੀਆਂ ਨੂੰ ਇਸ ਟੈਕਸ ਦੀ ਅਦਾਇਗੀ ਨਹੀਂ ਕਰਨੀ ਪਵੇਗੀ। ਇਹ ਟੈਕਸ ਕਿਫ਼ਾਇਤੀ ਰਿਹਾਇਸ਼ੀ ਪਹਿਲਕਦਮੀਆਂ ਨੂੰ ਫੰਡ ਦੇਣ ਵਿੱਚ ਮਦਦ ਕਰਦਾ ਹੈ ਅਤੇ ਬੀ.ਸੀ. ਵਿੱਚ ਰਹਿੰਦੇ ਅਤੇ ਕੰਮ ਕਰਨ ਵਾਲੇ ਲੋਕਾਂ ਲਈ ਖਾਲੀ ਘਰਾਂ ਨੂੰ ਰਿਹਾਇਸ਼ਾਂ ਵਿੱਚ ਬਦਲਦਾ ਹੈ। 'ਹੋਮਜ਼ ਫਾਰ ਬੀ.ਸੀ.' ਯੋਜਨਾ ਦੇ ਤਹਿਤ ਬੀ.ਸੀ. ਭਰ ਵਿੱਚ 36,000 ਕਿਫ਼ਾਇਤੀ ਘਰ ਮੁਕੰਮਲ ਹੋ ਗਏ ਹਨ ਜਾਂ ਉਸਾਰੀ ਅਧੀਨ ਹਨ।

**31 ਮਾਰਚ , 2023** ਤੱਕ **gov.bc.ca/spectax** 'ਤੇ ਜਾਂ ਟੋਲ ਫ੍ਰੀ **1-833-554-2323** 'ਤੇ ਫੋਨ ਕਰਕੇ ਰਜਿਸਟਰ ਕਰੋ।

ਘਰਾਂ ਨੂੰ ਵਧੇਰੇ
ਕਿਫਾਇਤੀ ਬਣਾਉਣਾ

BRITISH COLUMBIA




# 24 ਮਾਰਚ ਨੂੰ ਰਿਲੀਜ਼ ਹੋਵੇਗੀ ਫ਼ਿਲਮ 'ਏਸ ਜਹਾਨੋਂ ਦੂਰ ਕਿਤੇ-ਚੱਲ ਜਿੰਦੀਏ'

ਚੰਡੀਗੜ੍ਹ-ਇੱਕ ਸਫਲ ਫਿਲਮ ਦੇ ਨਿਰਦੇਸ਼ਕ ਆਪਣੀ ਕਲਪਨਾ ਵਿਚਲੀ ਤਸਵੀਰ ਨੂੰ ਦਰਸ਼ਕਾਂ ਦੇ ਸਾਹਮਣੇ ਜੀਵਿਤ ਕਰਨ ਵਿੱਚ ਇੱਕ ਵੱਡਾ ਯੋਗਦਾਨ ਪਾਉਂਦੇ ਹਨ। ਐਸੀ ਹੀ ਸ਼ਖ਼ਸੀਅਤ ਉਦੈ ਪ੍ਰਤਾਪ ਸਿੰਘ ਜੋ ਇੱਕ ਨਵੀਂ ਪੰਜਾਬੀ ਫਿਲਮ 'ਏਸ ਜਹਾਨੋਂ ਦੂਰ ਕਿਤੇ ਚੱਲ ਜਿੰਦੀਏ' ਦੇ ਨਾਲ, ਵਿਦੇਸ਼ਾਂ ਵਿੱਚ ਰਹਿੰਦੇ ਲੋਕਾਂ ਦਾ ਆਪਣੇ ਦੇਸ਼ ਪ੍ਰਤੀ ਪਿਆਰ ਅਤੇ ਮੁੜ ਵਾਪਿਸ ਆਉਣ ਦੀ ਚਾਹ ਨਾਲ ਰੂਬਰੂ ਕਰਵਾਉਂਦੇ ਹਨ। ਉਦੈ ਪ੍ਰਤਾਪ ਸਿੰਘ ਇੱਕ ਮਸ਼ਹੂਰ ਨਿਰਦੇਸ਼ਕ ਹੈ ਜਿਸਨੇ ਮਾਂ ਦਾ ਲਾਡਲਾ ਅਤੇ ਦਿਲ ਦੀਆਂ ਗੱਲਾਂ ਸਮੇਤ ਕਈ ਫਿਲਮਾਂ ਪੇਸ਼ ਕੀਤੀਆਂ ਹਨ ਜਿਨ੍ਹਾਂ ਨੂੰ ਸਿਨੇਮਾਘਰਾਂ ਵਿੱਚ ਬਹੁਤ ਸ਼ਲਾਘਾਯੋਗ ਹੁੰਗਾਰਾ ਮਿਲਿਆ। ਉਦੈ ਪ੍ਰਤਾਪ ਸਿੰਘ ਇੱਕ ਐਸੇ ਨਿਰਦੇਸ਼ਕ ਹਨ ਜੋ ਆਪਣੇ ਕੰਮ ਦੇ ਮਾਮਲੇ ਵਿਚ ਐਨੇ ਅਟੱਲ ਹਨ ਕਿ ਉਹ ਕਿਰਦਾਰ ਅਤੇ ਕਹਾਣੀ ਦੀ ਹਰ ਬਾਰੀਕੀ ਨੂੰ ਇੱਕ ਨਵੀ ਪਹਿਚਾਣ ਦੇ ਦਿੰਦੇ ਨੇ ਜੋ ਦਰਸ਼ਕਾਂ ਨੂੰ ਛੂਹ ਜਾਂਦੀ ਹੈ। ਕਹਾਣੀ ਬਾਰੇ ਗੱਲ ਕਰੀਏ ਤਾਂ, ਇਹ ਫਿਲਮ ਆਪਣੇ ਜੱਦੀ ਦੇਸ਼ ਅਤੇ ਆਪਣੇ ਪਿਆਰਿਆਂ ਨੂੰ ਛੱਡ ਕੇ ਦੂਜੇ ਦੇਸ਼ਾਂ ਦੀ ਯਾਤਰਾ ਨਾਲ ਸ਼ੁਰੂ ਹੁੰਦੀ ਹੈ, ਜਿੱਥੇ ਉਹਨਾਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਫਿਲਮ ਵਿੱਚ ਨੀਰੂ ਬਾਜਵਾ, ਗੁਰਪ੍ਰੀਤ ਘੁੱਗੀ, ਕੁਲਵਿੰਦਰ ਬਿੱਲਾ, ਜੱਸ ਬਾਜਵਾ, ਅਦਿਤੀ ਸ਼ਰਮਾ ਅਤੇ ਰੁਪਿੰਦਰ ਰੂਪੀ ਮੁੱਖ ਭੂਮਿਕਾਵਾਂ ਵਿੱਚ ਹਨ। ਫਿਲਮ ਹੈਰੀ ਕਾਹਲੋਂ, ਕੁਲਵਿੰਦਰ ਬਿੱਲਾ, ਅਤੇ ਸੰਤੋਸ਼ ਸੁਭਾਸ਼ ਥੀਟੇ ਦੁਆਰਾ ਬਣਾਈ ਗਈ ਹੈ ਅਤੇ ਘੈਂਟ ਬੁਆਏਜ਼ ਐਂਟਰਟੇਨਮੈਂਟ ਅਤੇ ਨੀਰੂ ਬਾਜਵਾ ਐਂਟਰਟੇਨਮੈਂਟ ਦੁਆਰਾ ਪੇਸ਼ ਕੀਤੀ ਗਈ ਹੈ। ਫਿਲਮ ਨੂੰ ਓਮਜੀ ਸਟਾਰ ਸਟੂਡੀਓਜ਼ ਦੁਆਰਾ ਵਿਸ਼ਵ ਭਰ ਵਿੱਚ ਡਿਸਟ੍ਰਿਬਿਊਟ ਕੀਤਾ ਜਾਵੇਗਾ। ਫ਼ਿਲਮ ਦਾ ਸੰਗੀਤ ਵਿਹਲੀ ਜਨਤਾ ਰਿਕਾਰਡਜ਼ ਦੇ ਲੇਬਲ ਹੇਠ ਪੇਸ਼ ਕੀਤਾ ਗਿਆ ਹੈ ਅਤੇ ਬੈਕਗ੍ਰਾਊਂਡ ਸਕੋਰ ਰਾਜੂ ਸਿੰਘ ਨੇ ਦਿੱਤਾ ਹੈ। ਫਿਲਮ ਬਾਰੇ ਉਦੈ ਪ੍ਰਤਾਪ ਸਿੰਘ ਕਹਿੰਦੇ ਹਨ, ਮੈਂ ਫਿਲਮ ਦੀ ਕਹਾਣੀ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਫਿਲਮ ਦੇ ਲੇਖਕ ਜਗਦੀਪ ਵੜਿੰਗ ਅਜਿਹੀ ਅਸਲੀਅਤ 'ਤੇ ਚਾਨਣਾ ਪਾਉਣ ਲਈ ਸਭ ਤੋਂ ਵੱਧ ਪ੍ਰਸ਼ੰਸਾ ਦੇ ਹੱਕਦਾਰ ਹਨ ਕਿ ਸਾਡੇ ਅਜ਼ੀਜ਼ ਆਮ ਤੌਰ 'ਤੇ ਆਪਣੀ ਜਨਮ ਭੂਮੀ ਤੋਂ ਦੂਰ ਚਲੇ ਜਾਂਦੇ ਹਨ। ਫਿਲਮ ਦਾ ਨਿਰਦੇਸ਼ਨ ਕਰਨਾ, ਇੱਕ ਬੇਮਿਸਾਲ ਭਾਵਨਾਤਮਕ ਤਜਰਬਾ ਸੀ ਅਤੇ ਅਜਿਹੇ ਸਮਰਪਿਤ ਕਾਸਟ ਦੇ ਨਾਲ ਕੰਮ ਕਰਨਾ ਮੈਨੂੰ ਬਹੁਤ ਹੀ ਮਾਣ ਮਹਿਸੂਸ ਕਰਵਾਉਂਦਾ ਹੈ।

# ਫ਼ਿਲਮ 'ਮੇਰਾ ਬਾਬਾ ਨਾਨਕ' ਦਾ ਪੋਸਟਰ ਰਿਲੀਜ਼

ਫਿਲਮ ਮੇਰਾ ਬਾਬਾ ਨਾਨਕ ਦਾ ਪੋਸਟਰ ਰਿਲੀਜ਼ ਹੋ ਗਿਆ ਹੈ ਅਤੇ ਇਹ ਫਿਲਮ ਆਉਣ ਵਾਲੀ ਵਿਸਾਖੀ 14 ਅਪ੍ਰੈਲ 2023 ਨੂੰ ਦੁਨੀਆ ਭਰ ਵਿੱਚ ਰਿਲੀਜ਼ ਹੋਵੇਗੀ। ਦੁਨੀਆ ਭਰ ਵਿੱਚ ਸਿੱਖ ਭਾਈਚਾਰਾ ਵਿਸਾਖੀ ਦਾ ਤਿਉਹਾਰ ਬੜੇ ਧੂਮਧਾਮ ਨਾਲ ਮਨਾਉਂਦਾ ਹੈ ਅਤੇ ਇਹ ਸਾਰਿਆਂ ਲਈ ਇੱਕ ਤੋਹਫ਼ੇ ਵਾਂਗ ਹੋਵੇਗਾ। ਵਿਸ਼ੇਸ਼ ਦਿਨ 'ਤੇ ਭਾਈਚਾਰਾ, ਇਸ ਦਿਨ ਨੂੰ ਹੋਰ ਖ਼ੁਸ਼ੀ ਅਤੇ ਮਾਣ ਨਾਲ ਮਨਾਉਣਗੇ। ਇਹ ਫਿਲਮ ਡਰੀਮਪਿਕਚਰਜ਼ ਐਂਟਰਟੇਨਮੈਂਟ ਦੇ ਬੈਨਰ ਹੇਠ ਬਣੀ ਹੈ। ਫਿਲਮ ਦਾ ਪੋਸਟਰ ਤਾਂ ਸਾਹਮਣੇ ਆ ਚੁੱਕਾ ਹੈ ਪਰ ਕਹਾਣੀ ਅਜੇ ਸਾਹਮਣੇ ਆਉਣਾ ਬਾਕੀ ਹੈ। ਫਿਲਮ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਪ੍ਰਦਰਸ਼ਿਤ ਕਰੇਗੀ ਜੋ ਫਿਲਮ ਦੇ ਨਾਮ ਅਨੁਸਾਰ ਪ੍ਰਤੀਬਿੰਬਤ ਹੈ। ਇਹ ਦਰਸ਼ਕਾਂ ਨੂੰ ਵਿਸ਼ਵਾਸ ਨਾਲ ਜੋੜੇਗਾ ਅਤੇ ਧਾਰਮਿਕ ਦ੍ਰਿਸ਼ਟੀਕੋਣ ਰਾਹੀਂ ਦਿਲਾਂ ਨੂੰ ਛੂਹੇਗਾ। ਫਿਲਮ ਅਮਨਮੀਤ ਸਿੰਘ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਹੈ। ਇਸ ਫਿਲਮ ਦੇ ਸਟਾਰ ਕਾਸਟ 'ਚ ਅਮਨਮੀਤ ਸਿੰਘ, ਵਿਕਰਮਜੀਤ ਵਿਰਕ, ਹਰਸ਼ਜੋਤ ਕੌਰ, ਹਰਪ੍ਰੀਤ ਬੈਂਸ, ਕੁਲ ਸਿੱਧੂ, ਮਿੰਟੂ ਕਾਪਾ, ਮਹਾਬੀਰ ਭੁੱਲਰ, ਤਰਸੇਮ ਪਾਲ, ਮਲਕੀਤ ਰੌਣੀ, ਸੀਮਾ ਕੌਸ਼ਲ, ਅਨੀਤਾ ਮੀਤ, ਵਰਿੰਦਰ ਵਸ਼ਿਸ਼ਟ, ਰਣਦੀਪ ਭੰਗੂ, ਅੰਮ੍ਰਿਤਪਾਲ ਬਿੱਲਾ, ਜਸਬੀਰ ਗਿੱਲ, ਨਿਮਰਤ ਪਰਤਾਪ ਸਿੰਘ, ਗੁਰਸੇਵਕ ਮੰਡੇਰ ਅਤੇ ਦਿਲਨੂਰ ਏਂਜਲ ਸ਼ਾਮਲ ਹਨ। ਫਿਲਮ ਦਾ ਨਿਰਮਾਣ ਰਾਜਾ ਲਾਇਲਪੁਰੀਆ ਅਤੇ ਹਰਮਨਦੀਪ ਸਿੰਘ ਦੁਆਰਾ ਕੀਤਾ ਗਿਆ ਹੈ ਅਤੇ ਸਤਨਾਮ ਸਿੰਘ ਢਿੱਲੋਂ ਅਤੇ ਵਿਕਰਮਜੀਤ ਵਿਰਕ ਦੁਆਰਾ ਸਹਿ-ਨਿਰਮਿਤ ਹੈ। ਗੀਤਕਾਰ ਵਿੱਚ ਅਮਰਦੀਪ ਸਿੰਘ ਗਿੱਲ, ਦੀਪ ਅਟਵਾਲ, ਅਮਰ ਜਲਾਲ ਸ਼ਾਮਲ ਹਨ। ਬੈਕਗਰਾਉਂਡ ਸਕੋਰ ਜੈਦੇਵ ਕੁਮਾਰ ਦੁਆਰਾ ਦਿੱਤਾ ਗਿਆ ਹੈ ਅਤੇ ਸੰਗੀਤ ਮਨਪਾਲ ਸਿੰਘ, ਜਸਕੀਰਤ ਸਿੰਘ ਅਤੇ ਭਾਈ ਮੰਨਾ ਸਿੰਘ ਦੁਆਰਾ ਤਿਆਰ ਕੀਤਾ ਗਿਆ ਹੈ।




ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold Key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY<br>(604) 502 - 0441<br>FAX (604) 502-0417 | 5-8430 128TH ST.<br>SURREY, BC<br>V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| VANCOUVER<br>(604) 325 - 1241<br>FAX (604) 325-1414 | 4038 KNIGHT ST.<br>VANCOUVER, BC<br>V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

ICBC autoplan

OPEN 7 DAYS

www.goldkeyinsurance.ca


Rajan MANGOES
NOW AVAILABLE ONLY AT
fruiticana
SINCE 1994
fruiticana hee jaana!
LOWEST PRICES IN TOWN
EXTRA SUPER SPECIAL
Rajan Haden Mangoes 4 kg
ਰਾਜਨ ਹੇਡਨ ਅੰਬ
$16.99 box
EXTRA SUPER SUPER SPECIAL
Green Cardamom (Elaichi) FG
ਹਰੀ ਇਲਾਇਚੀ ਐੱਫ ਜੀ
$9.98 lb
SUPER SPECIAL
Red Onions 25 lbs
ਲਾਲ ਗੰਢੇ
$9.98 bag
SUPER SPECIAL
Indian Eggplants
ਦੇਸੀ ਬਤਾਊਂ
99¢ lb
SUPER SPECIAL
Fresh Cilantro
ਤਾਜਾ ਧਨੀਆ
2 bunches for 99¢
SUPER SPECIAL
Indian Okra Extra Fancy
ਭਾਰਤੀ ਭਿੰਡੀ ਐਕਸਟਰਾ ਫੈਂਸੀ
$2.99 lb
SUPER SPECIAL
Sher Besan (Chana Flour) 4lbs
ਸ਼ੇਰ ਵੇਸਣ
$3.99 bag
SUPER SPECIAL
Black Chana, Chana Dal & Red Lentil Whole 4 lbs (Indican)
ਕਾਲੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ (ਇੰਡੀਕੈਨ)
$3.88 bag
SUPER SPECIAL
Jumbo Size Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$3.99 ea.
Russet Potatoes Snoboy 10lbs USA #1
ਆਲੂ ਰਸਟ ਸਨੋਬੁਆਏ ਯੂ.ਐਸ. #੧
$4.98 bag
Green & Red Seedless Grapes
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$2.49 lb
Large Seedless Oranges
ਵੱਡੇ ਸੰਤਰੇ (ਬਿਨਾ ਬੀਜ ਤੋਂ)
99¢ lb
Fresh Garlic
ਤਾਜਾ ਲਸਣ
98¢ lb
Opo Squash
ਓਪੋ ਕੱਦੂ
99¢ lb
Yellow Onions 50 lbs
ਪੀਲੇ ਗੰਢੇ
$12.98 bag
Daikon (Moli)
ਮੂਲੀ
99¢ lb
Roma Tomatoes
ਰੋਮਾ ਟਮਾਟਰ
$1.29 lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Red Lentil Split (Masoor Dal)
ਧੋਤੀ ਮਸਰਾਂ ਦੀ ਦਾਲ
99¢ lb
Indican Assam Tea
ਇੰਡੀਕੈਂਨ ਅਸਾਮ ਚਾਹ 216's
$7.99 box
Almonds #1
ਬਦਾਮ #੧
$3.98 lb
Thur Mar 16, 2023 - Wed Mar 22, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana
SINCE 1994
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. ------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ---------------- 604-244-9520